# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


## ਸ਼ਹੀਦ ਭਾਈ ਦਰਸ਼ਨ ਸਿੰਘ ਜੀ, ਉਤਮ ਨਗਰ, ਦਿਲੀ




MAY 1985

ਮਈ ੧੯੮੫


ਗੁਰਦੁਆਰਾ ਸਾਹਿਬ ਦੀ ਬੇਅਦਬੀ ਰੋਕਦੇ ਹੋਏ ਸੂਰਮਿਆਂ ਵਾਂਗ ਜੂਝ ਕੇ ਸ਼ਹੀਦੀ ਪਾਈ ।

ਵੇਰਵੇ ਸਹਿਤ ਵਿਥਿਆ ਆਉਂਦੇ ਪਰਚੇ ਵਿਚ


www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: 1/-70-68-21 ਮਿਤੀ 17.10.64 ਅ. ਪ. ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਹਰਿ ਕੇ ਨਾਮ ਕੀ ਕਥਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ-ਕੁਰਬਾਨੀਆਂ | ੪ | " " " |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੭) | ੭ | ਕੈਪਟਨ ਸਵਰਨ ਸਿੰਘ ਜੀ |
| ਜੇ ਜੀਵੈ ਪਤਿ ਲਥੀ ਜਾਇ | ੧੫ | ਸਾ: ਸੰਤਾ ਸਿੰਘ ਜੀ ਆਜਿਜ਼ |
| ਪਤਿ ਵਿਣੁ ਪੂਜਾ | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕੱਖਾਂ ਤੋਂ ਵੀ ਹੌਲੇ ਹੋ ਗਏ ਕਲਗੀਆਂ ਵਾਲਿਆ ਪੁਤਰ ਤੇਰੇ (ਕਵਿਤਾ) | ੨੨ | ਗਿਆਨੀ ਹਰਜੀਤ ਸਿੰਘ ਜੀ |
| ਚੋਰ ਸਾਹਿਬ ਦੀ ਪ੍ਰਥਾ | ੨੩ | ਭਾਈ ਰਾਮ ਸਿੰਘ ਜੀ |
| ਕੀਰਤਨ ਦਾ ਪ੍ਰਸਾਰਨ | ੨੫ | ਸ: ਗੁਰਸਾਗਰ ਸਿੰਘ ਜੀ |
| ਫ਼ੌਜੀ ਇਨਟੈਰੋਗੇਸ਼ਨ ਸੈਂਟਰ ਤਿਬੜੀ ਵਿਚ ਕੁਝ ਦਿਨ | ੨੭ | ਸਾਥੀ ਗੁਰਮੀਤ ਸਿੰਘ ਜੀ |
| ਕੁਰਸੀ ਦੇ ਸਿਖ (ਕਵਿਤਾ) | ੩੩ | ਸ: ਕਰਤਾਰ ਸਿੰਘ ਜੀ ਗਰੀਬ |
| ਫਟਾਂ ਉਤੇ ਲੂਣ | ੩੪ | ਸ: ਵਰਿਆਮ ਸਿੰਘ ਜੀ |
| ਗੁਰਬਾਣੀ ਦਾ ਉਚਾਰਨ | ੩੭ | ਗਿਆਨੀ ਜਸਵੰਤ ਸਿੰਘ ਜੀ |
| ਜਬਰ ਬੰਦ ਨਾ ਹੋਣ ਤੇ ਦੇਸ਼ ਚਿ ਲਾਵਾ ਭੜਕੇਗਾ | ੩੯ | ਸੰਤ ਲੌਂਗੋਵਾਲ |


ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਧਾਰਿਆ ੩ ਮਈ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ਮਿਲੀ ੧੨ ਮਈ

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ੨੪ ਮਈ

## 'ਸੂਰਾ' ਮਾਸਕ ਪੱਤਰ ਨੂੰ ਮਾਰਚ ਤੇ ਅਪ੍ਰੈਲ ਵਿਚ ਪੁਜੀ ਸਹਾਇਤਾ

| | | |
|---|---|---|
| ਸ: ਸੇਵਕ ਸਿੰਘ ਨਾਰਨੌਲ | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੦-੦੦ |
| ਪ੍ਰੀਵਾਰ ਭਾ: ਪੂਰਨ ਸਿੰਘ ਬੱਲ | ਭਾ: ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਵਿਚ | ੫੦-੦੦ |
| ਸ: ਅਵਤਾਰ ਸਿੰਘ ਹੁਸ਼ਿਆਰਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦-੦੦ |
| ਬੀਬੀ ਨਸੀਬ ਕੌਰ ਪ੍ਰੀਤਮ ਸਿੰਘ ਪੂਨਾ | ਗੁਰਸਿਖੀ ਦੀ ਪੀਤੀ ਗੰਢ ਤੇ ਪੀਵਾਰ ਦੇ ਵਾਧੇ ਦੀ ਅਰਦਾਸ | ੨੫-੦੦ |
| ਸ: ਮੁਹਕਮ ਸਿੰਘ ਕਵੈਤ | 'ਸੂਰਾ' ਦੀ ਚੜ੍ਹਦੀ ਕਲਾ ਲਈ ... ... | ੪੫-੦੦ |
| ਸ: ਮਨੋਹਰ ਸਿੰਘ ਰੀਹਲ ਬਰਮਿੰਘਮ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ ... ... | ੧੪੯-੪੭ |
| ਇਕ ਗੁਪਤ ਪਰੇਮੀ ਜੀ | 'ਸੂਰਾ' ਦੀ ਚੜ੍ਹਦੀ ਕਲਾ ਲਈ ... ... | ੨੫੫-੦ |
| ਭਾ: ਮਨੋਹਰ ਸਿੰਘ ਬੰਬਈ | ਬੀਬੀ ਈਸਰ ਕੌਰ ਜੀ ਦੀ ਅੰਤਮ ਅਰਦਾਸ ਸਮੇਂ | ੧੦੧-੦ |
| ਸ: ਗੁਰਚਰਨ ਸਿੰਘ ਬਲਦੇਵ ਸਿੰਘ ਦੁਰਗ | ਬੱਚੀ ਪਰਮਜੀਤ ਕੌਰ ਦੇ ਅਨੰਦ ਕਾਰਜ ਸਮੇ | ੨੧-੦੦ |
| ਭਾ: ਤਰਲੋਚਨ ਸਿੰਘ ਧਨਬਾਦ | ਕਾਕੇ ਦੇ ਅਨੰਦ ਦੀ ਖੁਸ਼ੀ ਵਿਚ | ੧੧-੦੦ |
| ਸ: ਦਲਜੀਤ ਸਿੰਘ ਦਿਓਲ, ਜੱਪਾ ਯੂ.ਐਸ ਏ. | 'ਸੂਰਾ' ਦੀ ਚੜ੍ਹਦੀ ਕਲਾਂ ਲਈ | ੬੭੫-੦੦ |
| ਸ: ਬਲਵੰਤ ਸਿੰਘ ਨਵੀਂ ਦਿੱਲੀ | ਸੁਪਤਨੀ ਪਤਵੰਤ ਕੌਰ ਦੀ ਯਾਦ ਵਿਚ | ੧੨੫-੦੦ |
| ਪ੍ਰੀਵਾਰ ਸ਼ਹੀਦ ਭਾਈ ਅਵਤਾਰ ਸਿੰਘ ਪਾਰੋਵਾਲ | ਸ਼ਹੀਦ ਦੀ ਯਾਦ ਵਿਚ ਪਾਠ ਦੇ ਭੋਗ ਸਮੇਂ | ੫੯-੪੫ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੫.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ. ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕਾ | ੯੦੦-੦੦ |
| ਅਰਬ ਮਲਾਇਆ | ੫੫੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ ਮਈ ੧੯੯੫ ਅੰਕ ੫

## ਹਰਿ ਕੇ ਨਾਮ ਕੀ ਕਥਾ

ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥੮॥੨੦॥

[ਸੁਖਮਨੀ ਸਾਹਿਬ

ਹਰਿ ਕੇ ਨਾਮ ਕੀ ਕਥਾ ਵਾਹਿਗੁਰੂ ਨਾਮ ਅਭਿਆਸ ਹੈ, ਜਿਸ ਦੇ ਮਨ ਵਿਚ ਵਸਣ ਰਸਣ ਕਰਕੇ ਉਹ ਮਹੱਤਤਾ ਪ੍ਰਾਪਤਿ ਹੁੰਦੀ ਹੈ ਜੋ ਬੇਅੰਤ ਸੰਸਾਰਕ ਰਾਜਾਂ ਭੋਗਾਂ ਤੇ ਵਡਿਆਈਆਂ ਮਿਲਣ ਪਰ ਭੀ ਪ੍ਰਾਪਤਿ ਨਹੀਂ ਹੋ ਸਕਦੀ। ਭਾਵ, ਰਾਜ, ਭੋਗ, ਸੰਸਾਰਕ ਵਡਿਆਈਆਂ ਸਭ ਹੇਚ (ਤੁੱਛ) ਹਨ। ਚੁੰਚ ਕਥਾ ਇਸ ਮਹੱਤਤਾ ਨੂੰ ਪ੍ਰਾਪਤ ਨਹੀਂ ਕਰਾ ਸਕਦੀ। ਵਾਹਿਗੁਰੂ ਨਾਮ ਦੀ ਅਭਿਆਸ-ਮਈ ਸਿਫਤਿ ਸਾਲਾਹ ਰੂਪੀ ਕਥਾ ਹੀ ਇਸ ਪਦ ਪੁਚਾਉਣ ਨੂੰ ਸਮਰੱਥ ਹੈ। ਜਿਸ ਦੇ ਹਿਰਦੇ ਅੰਦਰ ਨਿਰੰਕਾਰ ਵਾਹਿਗੁਰੂ ਵਸ ਗਿਆ ਹੈ, ਇਸ ਦੇ ਤੁਲ ਨ ਕੋਈ ਕਥਾ ਹੈ ਨ ਵਿਚਾਰ ਹੈ। ਸੱਚਾ ਵੀਚਾਰ ਹੀ ਨਾਮ-ਅਭਿਆਸ ਹੈ ਤੇ ਸੱਚੀ ਕਥਾ ਸਿਫਤਿ ਸਲਾਹ ਹੈ।

"ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥" ੪॥੨੨॥ [ਸੁਖਮਨੀ

[ਭਾ: ਸਾ: ਰਣਧੀਰ ਸਿੰਘ ਜੀ ਕ੍ਰਿਤ 'ਕਥਾ ਕੀਰਤਨ' 'ਚੋਂ



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ-ਕੁਰਬਾਨੀਆਂ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਵਿਚ ਦਸੇ ਗੁਰੂ ਸਾਹਿਬਾਨ ਦੇ ਪਰਤੱਖ ਦਰਸ਼ਨ ਹਨ। ਵਿਸ਼ੇਸ਼ ਕਰਿ ਸ੍ਰੀ ਗੁਰੂ ਪੰਚਮੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਨਿਤਪ੍ਰਤੀ ਸਾਂਗੋ ਪਾਂਗ ਦਿਦਾਰੇ ਹੁੰਦੇ ਹਨ। ਪਰ ਸ਼ਰਧਾ ਦੀਆਂ ਜੋਤਾਂ ਵਾਲੇ ਦਿਬ-ਦ੍ਰਿਸ਼ਟ-ਦੀਦਿਆਂ ਨੂੰ, ਅਖੰਡਾਕਾਰ ਲਿਵਤਾਰ ਵਾਲੇ ਜੋਤਿ-ਲਤੀਫ਼ੀ ਲੋਇਣਾਂ ਨੂੰ, ਸਤਿਗੁਰੂ ਜੀ ਦੇ ਲਿਵ-ਮਸਤ-ਅਨਿੰਨ ਭਗਤਾਂ ਅਤੇ ਆਤਮ-ਕਮਾਈ ਵਾਲੇ ਪ੍ਰਗ ਖਲੋਤੇ ਗੁਰਮੁਖ ਜਨਾਂ ਨੂੰ ਤਾਂ ਹਰ ਛਿਨ ਆਠ ਜਾਮ ਚੌਸਠ ਘੜੀ ਸਨਮੁਖ ਦਿਬ-ਦਰਸਾਰਿਆਂ ਨੂੰ ਨਿਰਖਤ ਹੀ ਇਹਾਉਂਦੀ ਹੈ। ਗੁਰਮਤਿ ਨਾਮ ਕਮਾਈ ਵਾਲੇ ਜਗਿਆਸੂ ਸ਼ਰਧਾਵੰਤ ਰਸਕ-ਬੈਰਾਗੀਅੜੇ ਗੁਰਸਿੱਖਾਂ ਦੀ ਆਤਮ-ਬਿਰਤੀ ਨੂੰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਿਦਾਰ ਕਰਦਿਆਂ ਹੋਇਆਂ ਇਹ ਹਲੂਣਾ ਵੱਜ ਜਾਂਦਾ ਹੈ ਕਿ ਕਲਜੁਗ ਦੇ ਸੱਚੇ ਬੋਹਿਥ ਅਤੇ ਅੰਮ੍ਰਿਤ, ਨਾਮ-ਅੰਮ੍ਰਿਤ-ਬਾਣੀ ਦੇ ਭਵਤਾਰਕ ਜਹਾਜ਼ ਗੁਰੂ ਗਰੀਬ-ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਦਰਸ਼ਨਾਂ ਦੀ ਦਾਤਿ, ਜੋ ਅਜ ਸਾਨੂੰ ਪ੍ਰਾਪਤ ਹੈ, ਸੋ ਕੇਵਲ ਗੁਰੂ ਅਰਜਨ ਸਾਹਿਬ ਜੀ ਦੀਆਂ ਅਪਰ ਅਪਾਰ ਉਪਕਾਰ-ਕੁਰਬਾਨੀਆਂ ਦਾ ਸਦਕਾ ਹੈ।

ਇਸ ਅਮੋਲਕ ਦਾਤਿ ਬਿਹੂਣ, ਇਸ ਅਮੁੱਲ ਬਖਸ਼ੀਸ਼ ਬਿਹੂਣ, ਇਸ ਅਮੁੱਲ ਨੀਸਾਣ ਬਿਹੂਣ ਇਨਸਾਨੀ ਜਾਮੇ ਦੇ ਸਾਰੇ ਸੰਸਾਰੀ ਜੀਵ ਲੁਛਿ ਲੁਛਿ ਕੇ ਤੇ ਤ੍ਰੱਕ ਤ੍ਰੱਕ ਕੇ ਮਰ ਜਾਂਦੇ ਅਤੇ ਮਰ ਕੇ ਰਸਾਤਲ ਨੂੰ ਚਲੇ ਜਾਂਦੇ। ਜੀਵਾਂ ਦੀ ਗਤਿ ਮੁਕਤਿ ਕਲਿਆਣ ਉਧਾਰ ਦਾ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਂਦਾ। ਗੁਰਸਿਖੀ ਦਾ ਜੀਵਨ ਹੀ ਸਫ਼ਹ-ਏ-ਹਸਤੀ ਤੋਂ ਮਿਟ ਜਾਂਦਾ। ਅਰਸ਼ਾਂ ਤੋਂ ਆਈ ਅੰਮ੍ਰਿਤ ਬਾਣੀ ਦਾ ਸਰਸ਼ਾਰ ਸੋਮਾ ਹਮੇਸ਼ਾ ਲਈ ਲੁਪਤ ਗੁਪਤ ਹੋ ਜਾਂਦਾ।

ਉਰਵਾਰ ਪਾਰ ਦੇ ਦਾਨੀ ਅਤੇ ਆਗਮ ਨਿਗਮ ਦੇ ਜਾਨਣਹਾਰੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਕਲੀਕਾਲ ਦੇ ਭਵਿਖਤ ਤੋਂ ਭਲੀ ਭਾਂਤ ਬੁਝ ਕੇ ਸੰਸਾਰੀ ਜੀਵਾਂ ਨੂੰ ਭਵ-ਸਾਗਰ ਨੂੰ ਤਾਰਨ ਹਿਤ ਸਭ ਤੋਂ ਭਾਰਾ ਉਪਕਾਰ ਇਹ ਕੀਤਾ ਕਿ ਗੁਰਬਾਣੀ ਦੀਆਂ ਸਮੱਗਰ ਸੰਚੀਆਂ ਨੂੰ ਇਕੱਤ੍ਰ ਕਰ ਕੇ ਸਮੂਹ ਗੁਰਬਾਣੀ ਦੀ ਬੀੜ ਬੱਧੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਜਣਾਇ ਕੈ, ਗੁਰੂ ਪੂਜਾ ਗੁਰਬਾਣੀ ਦਾ ਧੁਰਵਾ ਬੰਨ੍ਹਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕੀਤਾ। ਅਸਥਾਪਨ ਹੋਣ ਵਾਲੇ ਅਵੱਸਰ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਗੁਰੂ ਦੇ ਸੱਚੇ ਸਰੂਪ ਵਿਚ ਹੋਣੀ ਅਰੰਭ ਹੋ ਗਈ। ਨਾਦੀ ਬਿੰਦੀ ਸੋਢਬੰਸ ਖਾਲਸਾ ਗੁਰੂ ਆਪਣੇ ਅਸਲ ਸਰੂਪ ਵਿਚ ਓਸੇ ਦਿਨ ਤੋਂ ਗੁਰਧਾਮੀ ਮਰਕਜ਼ ਵਿਖੇ ਅਸਥਿਤ ਹੋ ਗਿਆ। ਗੁਰੂ ਦੀ ਗੁਰੱਤਤਾ, ਸੱਚੀ ਗੁਰੱਤਤਾ ਸੰਦੀ ਨਿਹਚਲ ਨੀਂਵ ਗੁਰੂ ਅਰਜਨ ਸਾਹਿਬ ਜੀ ਨੇ ਜੁਗਾਂ ਪ੍ਰਯੰਤ ਮੁਹਕਮ ਰਹਿਣ ਲਈ ਉਸਾਰ ਦਿੱਤੀ। ਅਤੇ ਡੰਕੇ ਦੀ ਚੋਟ ਨਾਲ ਇਸ ਗੱਲ ਨੂੰ ਦ੍ਰਿੜ੍ਹਾਏ ਪ੍ਰਗਟਾਏ ਦਿਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਅੱਜ ਤੋਂ ਸੱਚਾ ਗੁਰੂ ਜੁਗੋ ਜੁਗ ਅਤੇ ਜੁਗਾਂ ਪ੍ਰਯੰਤ ਅਵਤਾਰ ਧਾਰੀ ਰਖੇਗਾ।

ਭਾਈ ਗੁਰਦਾਸ ਜੀ ਦੇ ਮਹਾਂ ਵਾਕ "ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ"* ਦੇ ਅਸਲ ਅਰਥ ਇਹੋ ਹਨ ਕਿ ਗੁਰੂ ਅਰਜਨ ਦੇਵ ਮਹਾਰਾਜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਰੀ ਹੋਈ, ਸੱਚੇ ਗੁਰੂ ਅਵਤਾਰ ਦੀ ਧਰੀ ਹੋਈ ਨੀਂਹ ਅਜ਼ਲ ਤੋਂ ਅਬਦ ਤਾਈਂ ਧਰੀ ਹੀ ਰਹੇਗੀ। ਨਿਹਚਲ ਨੀਂਹ ਜੁ ਹੋਈ। ਇਸ ਸੋਢਬੰਸ ਖਾਲਸੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸਰੂਪ ਵਿਚ ਚਲੀ ਹੋਈ ਸੋਢਬੰਸ ਦੀ ਪੀੜ੍ਹੀ ਸਦਾ ਲਈ ਚਲੀ ਹੀ ਰਹੇਗੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਖਾਲਸਾ (ਸੋਢਬੰਸ) ਗੁਰੂ ਸਰੂਪ ਵਿਚ ਹੀ ਓਤਿ ਪੋਤਿ ਬਿੰਦੀ ਨਾਦੀ ਬੰਸ ਅਵਤਾਰੀ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਜਾਮੇ, ਜਗਿਆਸੂ-ਸਿੱਖ-ਭਗਤ ਦੀ ਸ਼ਰਧਾ-ਭਾਵਨੀ

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮



www.AKJ.Org

ਅਨੁਸਾਰ ਹਰ ਜ਼ਮਾਨੇ ਵਿਚ ਹਰ ਸਮੇਂ ਹਰ ਛਿੰਨ ਜਦੋਂ ਚਾਹੋ, ਬਾਰੰਬਾਰ ਆਪਣਾ ਜੋਤਿ ਸਰੂਪ ਰੂਪ ਦਰਸਾਉਂਦੇ ਰਹਿਣਗੇ ।

ਭਾਈ ਗੁਰਦਾਸ ਜੀ ਦੇ "ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ" ਵਾਲੇ ਵਾਕ ਦੇ ਵਾਸਤਵੀ ਭਾਵ-ਅਰਥ ਇਹੋ ਹਨ ਜੋ ਉਪਰ ਦਰਸਾਏ ਗਏ ਹਨ । ਗੁਰੂ ਅਰਜਨ ਸਾਹਿਬ ਜੀ ਨੇ ਮਹਾਂ ਉਪਕਾਰ ਕਰ ਕੇ ਦਨਾਵਟੀ ਦੇਹਧਾਰੀ ਗੁਰੂਆਂ ਦਾ ਟੰਟਾ ਹੀ ਮੁਕਾ ਦਿਤਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੱਤਤਾ ਦਾ ਜਨਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਹੋਣ ਦੇ ਦਿਨ ਤੋਂ ਹੀ ਹੋ ਚੁਕਾ ਸੀ । ਕੇਵਲ ਗੁਰੱਤਤਾਵੀ ਪ੍ਰਗਟ ਪਦਵੀ, ਜੁਗੋ ਜੁਗ ਅਟੱਲ ਪਦਵੀ ਦੀ ਰਸਮ ਹੀ ਬਾਕੀ ਸੀ, ਜੋ ਅਟੱਲ ਭਾਣੇ ਅੰਦਰ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਗੁਰੂ ਜਾਮੇ ਦੀ ਅਵਧੀ ਪਸਚਾਤ ਹੀ ਅਦਾ ਕਰਨੀ ਸੀ । ਜੈਸੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜਾਮੇ ਅੰਦਰ ਗੁਰੱਤਤਾ ਦੀ ਅੰਸ ਅਮਰ ਦਾ ਅਵਤਾਰ (ਜਨਮ) ਤਾਂ ਚਿਰੋਕਣਾ ਪ੍ਰਹਿਲਾਂ ਹੀ ਹੋ ਚੁਕਾ ਸੀ, ਪ੍ਰੰਤੂ ਭਾਣੇ ਅੰਦਰ ਦੋ ਗੁਰੂ ਪਾਤਸ਼ਾਹ ਜਾਮੇ ਭੁਗਤਣ ਪਸਚਾਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪਦਵੀ ਮਿਲਣੀ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਨੂੰ ਅਵਤਾਰ ਦਿਤਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦਿਤਾ । ਅਤੇ ਇਹ ਐਸਾ ਸਫਲ-ਜਨੰਮਾ ਜਨਮ ਹੈ ਜੋ ਨਿਰੋਲ ਨਾਦ-ਅੰਸੀ ਅਵਤਾਰ ਹੋਣ ਕਰਿ ਸਦਾ ਅਬਿਨਾਸ਼ੀ ਹੈ ।

ਅੱਜ ਅਸੀਂ ਸੱਚੀ ਫ਼ਖਰ ਭਰੀ ਗੌਰਵਤਾ ਸਹਿਤ ਕਹਿਣ ਦਾ ਅਧਿਕਾਰ ਰਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ ਅਤੇ ਪ੍ਰਗਟ ਸਰੂਪ ਵਿਚ ਦਸੋਂ ਗੁਰੂ ਪਾਤਸ਼ਾਹੀਆਂ ਦਾ ਪਰਤੱਖ ਸਰੂਪ ਹਾਜ਼ਰ ਨਾਜ਼ਰ ਹੈ ਅਤੇ ਜੁਗਾਂ ਪ੍ਰਯੰਤ ਹਾਜ਼ਰ ਨਾਜ਼ਰ ਰਹੇਗਾ । ਸ੍ਰੀ ਗੁਰੂ ਅਰਜਨ ਸਾਹਿਬ ਜੀ ਜੇਕਰ ਇਹ ਉੱਚਾ ਉਪਕਾਰ ਨਾ ਕਰਦੇ ਤਾਂ ਅੱਜ ਦਸਾਂ ਪਾਤਸ਼ਾਹੀਆਂ ਦੀ ਜ਼ਾਹਰ ਜ਼ਹੂਰਤਾ ਅਤੇ ਹਾਜ਼ਰ ਨਾਜ਼ਰਤਾ ਦਾ ਅਬਿਨਾਸ਼ੀ ਅਨੰਦ ਅਸੀਂ ਕਦੇ ਨਾ ਮਾਣ ਸਕਦੇ । ਗੁਰੂ ਰੂਪ ਬਾਣੀ ਦੇ ਵਜੂਦ ਪ੍ਰਭਾਵ ਕਰਿ ਹੀ ਗੁਰੂ ਦਾ ਜੋਤਿ-ਸਰੂਪੀ ਪਰਤੱਖ ਸਰੂਪ ਪ੍ਰਗਟ ਪਾਹਾਰੇ ਜਾਪਦਾ ਹੈ । ਗੁਰੂ ਉਪਦੇਸ਼ ਰੂਪੀ ਗੁਰਬਾਣੀ ਦਾ ਸਰੂਪ ਹੀ ਜੇਕਰ ਅਸਾਥੋਂ ਅਲੋਪ ਗੋਪ ਹੋ ਜਾਂਦਾ ਤਾਂ ਗਰੂ-ਹਿਰਦਾ ਸਾਡੇ ਤੀਕ ਕੀਕੂੰ ਅੱਪੜਦਾ ! ਗੁਰੂ ਸਾਹਿਬਾਨ ਦੀ ਇਹ ਨਿਜ ਸਰੂਪੀ ਯਾਦ ਸਾਡੇ ਤੀਕ ਕੀਕੂੰ ਅੱਪੜਦੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਦੀ ਅਟੱਲਤਾ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੀ ਨਿਜ ਸਰੂਪੀ ਅਟੱਲ ਤੇ ਵਿਸ਼ੇਸ਼ ਕਰਿ ਇਹ ਅਟੱਲਤਾ ਕਾਇਮ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਭੀ ਅਟੱਲ ਹੈ ।

## ਅਦੁੱਤੀ ਸੱਚੀ ਕੁਰਬਾਨੀ—

ਇਸ ਅਟੱਲਤਾ ਅਤੇ ਕਾਇਮੀ ਖ਼ਾਤਰ ਹੀ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸਦਾ ਅਟੱਲ ਰਹਿਣ ਵਾਲੀ ਕੁਰਬਾਨੀ ਦੇ ਪੂਰਨੇ ਪਾਏ । ਕੁਰਬਾਨੀ ਭੀ ਉਹ, ਜਿਸ ਦੀ ਮਿਸਾਲ ਸਿਵਾਏ ਗੁਰੂ ਘਰ ਦੇ ਹੋਰ ਕਿਤੇ ਨਹੀਂ ਮਿਲਦੀ । ਅਦੁਤੀ ਕੁਰਬਾਨੀ ਦੁਆਰਾ ਅਦੁਤੀ ਅਟੱਲਤਾ ਦਾ ਮੇਅਰਾਜ ਪ੍ਰਾਪਤ ਹੋਇਆ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਹੋਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਬਕ ਸਿਖਾਉਂਦਾ ਹੈ । ਸਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ । ਕੁਰਬਾਨੀ ਦੀ ਸੱਚੀ ਸਪਿਰਟ (Spirit) ਹੀ ਗੁਰਸਿਖੀ ਦੀ ਕਮਾਈ ਵਿਚ ਹੈ । ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੇ ਆਤਮਾ ਨੂੰ ਜੀਵਨ-ਜਾਗ ਲਾਉਂਦੀ ਹੈ । ਇਹ ਗੁਰ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ ਹੈ ਅਤੇ ਲਾਈ ਰਖਦੀ ਹੈ ਅਤੇ ਲਾ ਕੇ ਖਿੜਾਈ ਰਖਦੀ ਹੈ । ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ ! ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ ਪਰਜੁਲਤ ਹੁੰਦੀ ਹੈ । ਆਤਮ-ਰੰਗ ਲਗੇ ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ । ਆਹਾ ! ਕੈਸਾ ਸੋਹਣਾ ਗੁਰਵਾਕ ਸੂਰਮੇ ਬਣਾਉਣ ਵਾਲਾ ਸ੍ਰੀ



www.AKJ.Org

ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ, ਯਥਾ ਗੁਰਵਾਕ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ (੪॥੩੫)

ਧਨਾਸਰੀ ਮ: ੫, ਪੰਨਾ ੬੮੦

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ ਲਗ ਸਕਦੇ ਹਨ। ਨਾਮ ਅਭਿਆਸ ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ। ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ਼ ਅਨਮਾਨ ਕਰੋ' ਇਹ ਫੋਕਟ ਆਤਮ-ਗਿਆਨ ਦੀ ਚੁੰਚ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹੋਂ ਬਦੇਹ ਹੋ ਜਾਣਾ ਇਹ ਸੱਚੀ ਆਤਮ ਕਮਾਈ ਵਾਲੀ ਬਿਵਸਥਾ ਹੈ। ਆਤਮ ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨ-ਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ। ਆਤਮਾ-ਰੰਗਾਂ ਵਾਲੇ ਨਾਮ ਤ੍ਰੰਗੀ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ। ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਓਥੇ ਗੰਮਤਾ ਹੀ ਨਹੀਂ। ਮਰਨ ਜੀਵਣ ਦਾ ਓਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਰਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿਤੇ ਗਏ, ਪਰ ਗੁਰੂ ਸਾਹਿਬ ਆਤਮ-ਰੰਗ ਵਿਚਿ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ। ਸੱਚੀ ਸ਼ਾਂਤਮਈ ਅਤੇ ਸਹਿਨ-ਸੀਲਤਾ ਦੀ ਅਤਿ ਉਚ ਅਵਸਥਾ ਹੈ, ਜਿਸ ਨੂੰ ਨਾਮ-ਰੰਗੋਂ ਘੁਥੇ ਅਲਪੱਗ ਇਨਸਾਨ, ਆਤਮ ਮੌਜ-ਅਵਸਥਾ ਤੋਂ ਊਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਅੱਜ ਹੱਠ-ਕਰਮੀਆਂ ਵਾਲੀ ਸ਼ਾਂਤਮਈ ਦੀਆਂ ਥੋਥੀਆਂ ਤੋਤਾ-ਕਹਾਣੀਆਂ ਤੁਰ ਪਈਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ, ਜਿਸ ਨੂੰ ਕੋਈ ਫੋਕਟ ਹੱਠ-ਕਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਗੀਫ਼ਾਰਮਰ ਨਹੀਂ ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਿਗਤ ਸਭ ਤਾਕਤਾਂ ਹੋ ਜਾਂਦੀਆ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇਡ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ ਜੋ ਨਿਗੁਰਾ ਨਹੀਂ ਹੁੰਦਾ। "ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ" ਅਰਥਾਤ ਸਤਿਗੁਰੂ ਦੇ ਸਿਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ ?

ਧੰਨ ਸੱਚਾ ਪਾਤਸ਼ਾਹ ਗੁਰੂ ਅਰਜਨ ਸਾਹਿਬ ! ਜਿਸ ਦੇ ਪ੍ਰਤਾਪ ਕਰਕੇ ਨਾਮ ਦੀ, ਗੁਰਬਾਣੀ ਦੀ, ਗੁਰ-ਸ਼ਬਦ ਦੀ ਸੱਚੀ ਅਮਰੀ ਦਾਤਿ ਸਾਡੇ ਤਾਈਂ ਅਪੜੀ। ਜਿਸ ਦੀ ਕਮਾਈ ਕਰਿ ਗੁਰੂ ਪੰਥ ਅੰਦਰ ਅਦੁਤੀ ਕੁਰਬਾਨੀਆਂ ਵਾਲੇ ਗੁਰਸਿਖ ਸ਼ਹੀਦ ਅਨੇਕਾਂ ਦੀ ਗਿਣਤੀ ਵਿਚ ਪੈਦਾ ਹੋਏ ਅਤੇ ਅਣਗਿਣਤ ਹੀ ਅਗੇ ਨੂੰ ਪੈਦਾ ਹੁੰਦੇ ਰਹਿਣਗ। ਅਣਗਿਣਤ ਲਾਸਾਨੀ ਕੁਰਬਾਨੀਆਂ ਜੋ ਅੱਜ ਤਾਈਂ ਗੁਰੂ ਘਰ ਵਿਚ ਹੋਈਆਂ ਅਤੇ ਅਗੇ ਨੂੰ ਹੋਣਗੀਆਂ, ਉਹ ਗੁਰੂ ਅਰਜਨ ਸਾਹਿਬ ਦੀ ਬਖਸ਼ੀ ਅਮੋਘ ਦਾਤਿ ਦਾ ਸਦਕਾ ਹਨ। ਗੁਰੂ ਸਾਹਿਬ ਗੁਰੂ ਪੰਚਮ ਪਾਤਸ਼ਾਹ ਦੀਆਂ ਹੋਰ ਅਨੇਕ ਅਧਭੁਤ ਉਪਕਾਰ-ਕਰਨੀਆਂ ਹਨ, ਜਿਨ੍ਹਾਂ ਨੂੰ ਵਰਨਣ ਕਰਦਿਆਂ ਬੜਾ ਵਿਸਥਾਰ ਹੋ ਜਾਂਦਾ ਹੈ। ਸਮਾਂ ਥੋੜਾ ਅਤੇ ਸੰਕੋਚ ਦਾ ਖ਼ਿਆਲ ਲੈ ਕੇ ਏਥੇ ਹੀ ਬਸ ਕਰਨਾ ਪਿਆ।

[ਪੁਸਤਕ 'ਗੁਰਮਤਿ ਪ੍ਰਕਾਸ਼' ਵਿਚ

www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੭)

[ਕੈਪਟਿਨ ਸਵਰਨ ਸਿੰਘ ਜੀ]

**ਸਿੰਘਾਂ ਧੌਂਸੇ ਉਤੇ ਚੋਟ ਲਾ ਦਿਤੀ :—**

ਜਦ ਸਿੰਘ ਕੇਸੀ ਇਸ਼ਨਾਨ ਕਰ, ਹਥਿਆਰ ਸਜਾ ਕੇ ਤਿਆਰ ਹੋ ਚੁਕੇ ਤਾਂ ਨਵੇਂ ਮੜ੍ਹੇ ਹੋਏ ਧੌਂਸੇ ਨੂੰ ਜ਼ੋਰ ਨਾਲ ਵਜਾਇਆ ਤੇ ਨਾਲ ਹੀ "ਅਕਾਲ ਅਕਾਲ" ਦੇ ਜੈਕਾਰੇ ਛੱਡੇ। ਤੜਕਸਾਰ ਦੇ ਸ਼ਾਂਤ ਵਾਤਾਵਰਨ ਵਿਚ ਨਗਾਰੇ ਦੀ ਅਵਾਜ਼ ਅਤੇ ਸਿੰਘਾਂ ਦਿਆਂ ਜੈਕਾਰਿਆਂ ਨੇ ਗੂੰਜਾਂ ਪਾ ਦਿਤੀਆਂ । ਇਹ ਆਵਾਜ਼ ਸੁਣ ਕੇ ਮੋਮਨ ਖ਼ਾਨ ਸਮਝ ਗਿਆ ਕਿ ਸਿੰਘ ਮਰਨ ਮਾਰਨ ਲਈ ਤਿਆਰ ਬੈਠੇ ਹਨ। ਹੁਣ ਤਕ ਫੌਜ ਵੀ ਖਾਣ ਪੀਣ ਦੇ ਆਹਰ ਤੋਂ ਵੇਹਲੀ ਹੋ ਚੁਕੀ ਸੀ। ਸੋ ਆਵਾਜ਼ ਦੀ ਸੇਧ ਉਤੇ "ਵਾਂ" ਵਲ ਕੂਚ ਕਰ ਦਿਤਾ। ਸੂਰਜ ਨਿਕਲਦੇ ਦੇ ਨਾਲ "ਵਾਂ" ਪੁਜ ਕੇ ਫੌਜ ਵਾੜੇ ਵਲ ਨੂੰ ਵਧੀ। ਸਿੰਘ ਵਾੜਿਓਂ ਬਾਹਰ ਨਿਕਲ ਕੇ ਜੰਡਾਂ ਕ੍ਰੀਰਾਂ ਦੀ ਓਟ ਵਿਚ ਤਿਆਰ ਖੜੇ, ਵੈਰੀ ਨੂੰ ਉਡੀਕ ਰਹੇ ਸਨ। ਫੌਜ ਦੇ ਆਉਂਦਿਆਂ ਸਾਰ ਹੀ ਲੜਾਈ ਮਚ ਪਈ।

ਮੋਮਨ ਖਾਨ ਦੀ ਤੁਰਕਾਨੀ ਸੈਨਾ ਦੇ ਸਵਾਰਾਂ ਨੂੰ ਵਧਦੇ ਵੇਖ ਕੇ ਸਭ ਤੋਂ ਪਹਿਲਾਂ ਬੁਲਾਕਾ ਸਿੰਘ ਸੇਖੋਂ ਸਾਂਘਣੇ ਵਾਲਾ ਲਲਕਾਰਦਾ ਹੋਇਆ ਅੱਗੇ ਵਧਿਆ ਤੇ ਤੀਰਾਂ ਦਾ ਮੀਂਹ ਵਰ੍ਹਾਉਣ ਲਗਾ। ਵੇਖਦਿਆਂ ਵੇਖਦਿਆਂ ਉਸ ਨੇ ਕਈ ਕਾਠੀਆਂ ਖ਼ਾਲੀ ਕਰ ਦਿਤੀਆਂ। ਮੂਹਰਲੇ ਦਸਤਿਆਂ ਨੂੰ ਇਕ-ਦਮ ਪੈਰਾਂ ਤੇ ਹੀ ਰੋਕ ਦਿਤਾ। ਜਦ ਭੱਥਾ ਖਾਲੀ ਹੋ ਗਿਆ ਤਾਂ ਤਲਵਾਰ ਸੂਤ ਕੇ ਤੁਰਕਾਂ ਦੀਆਂ ਸਫਾਂ ਵਿਚ ਘੁਸ ਗਿਆ ਤੇ ਲੱਗਾ ਤਲਵਾਰ ਦੇ ਜੌਹਰ ਵਿਖਾਉਣ। ਕਈਆਂ ਨੂੰ ਪਾਰ ਬੁਲਾਇਆ ਤੇ ਕਈਆਂ ਨੂੰ ਘਾਇਲ ਕਰ ਦਿਤਾ। ਮੂਹਰਲੇ ਹੈਰਾਨ ਸਨ ਕਿ ਝਾੜਾਂ ਬੂਟਿਆਂ ਵਿਚੋਂ ਕਿਵੇਂ ਮਲਕ-ਉਲ-ਮੌਤ ਨਮੂਦਾਰ ਹੋ ਪਿਆ ਹੈ? ਸਿੰਘ ਵਧ ਵਧ ਕੇ ਮਾਰ ਰਿਹਾ ਸੀ ਤੇ ਦੁਸ਼ਮਣ ਦੇ ਵਾਰ ਝਲ ਰਿਹਾ ਸੀ। ਏਨੇ ਨੂੰ ਕਿਸੇ ਤੁਰਕ ਸੂਰਮੇ ਦਾ ਤੀਰ ਬੁਲਾਕਾ ਸਿੰਘ ਦੀ ਛਾਤੀ ਵਿਚ ਆਣ ਵੱਜਾ ਤੇ ਉਹ ਸ਼ਹੀਦ ਹੋ ਗਿਆ।

ਸਿੰਘ ਗਿਣਤੀ ਵਿਚ ਵੀ ਥੋੜੇ ਤੇ ਹਥਿਆਰਾਂ ਦੀ ਵੀ ਘਾਟ। ਬਦੂਕ ਤਾਂ ਕਿਸੇ ਵਿਰਲੇ ਪਾਸ ਹੀ ਹੁੰਦੀ ਸੀ, ਤੇ ਉਹ ਵੀ ਏਡੀ ਕੰਮ ਦੀ ਨਾ ਹੁੰਦੀ। ਬਰੂਦ ਦਾ ਤਾਂ ਅਸਲੋਂ ਹੀ ਤੋੜਾ ਰਹਿੰਦਾ। ਜੋ ਥੋੜਾ ਬਹੁਤਾ ਹੁੰਦਾ, ਉਸ ਨੂੰ ਗਿੱਲਾ ਹੋਣ ਤੋਂ ਬਚਾ ਕੇ ਰਖਣ ਲਈ ਮਿੱਟੀ ਦੀ ਬਣੀ ਟਿੰਡ ਵਿਚ ਪਾ ਕੇ ਮੋਢੇ ਉਤੋਂ ਦੀ ਸੁਟ ਲੈਂਦੇ। ਜੇ ਕਿਤੇ ਠੋਕਰ ਲੱਗ ਕੇ ਟਿੰਡ ਟੁਟ ਗਈ ਤਾਂ ਉਹ ਬਰੂਦ ਵੀ ਗਿਆ। ਇਸ ਅਣਸਾਵੀਂ ਹਾਲਤ ਵਿਚ ਮੁਕਾਬਲਾ ਉਸ ਸ਼ਾਹੀ ਸੈਨਾ ਨਾਲ ਸੀ ਜਿਸ ਪਾਸ ਬਦੂਕਾਂ, ਬਰੂਦ, ਰਹਿਕਲੇ, ਜ਼ੰਬੂਰੇ ਤੇ ਤੋਪਾਂ ਦੀ ਕੋਈ ਕਮੀ ਨਹੀਂ ਸੀ, ਅਤੇ ਫਿਰ ਚੜ੍ਹਨ ਨੂੰ ਘੋੜੇ ਵੀ ਆਲੀਸ਼ਾਨ। ਇਸ ਯੁਧ ਵਿਚ ਜੇ ਸਿੰਘਾਂ ਕੋਲ ਵੀ ਬੰਦੂਕਾਂ ਹੁੰਦੀਆਂ ਤਾਂ ਨਤੀਜਾ ਕੁਝ ਹੋਰ ਹੀ ਨਿਕਲਦਾ। ਪਰ ਸਿੰਘਾਂ ਕਿਸੇ ਘਾਟ ਜਾਂ ਥੁੜ ਨੂੰ ਕਦੀ ਵੀ ਗੌਲਿਆ ਨਹੀਂ ਸੀ। ਉਨ੍ਹਾਂ ਪਾਸ ਜੋ ਕੁਝ ਵੀ ਹੁੰਦਾ ਸੀ, ਉਸ ਨਾਲ ਹੀ ਜੋ ਬਣੇ ਸਰੇ, ਕਰੀ ਜਾਂਦੇ ਸਨ। ਇਸੇ ਤਰ੍ਹਾਂ ਅੱਜ ਤਾਰਾ ਸਿੰਘ ਦੇ ਸਾਥੀ ਸਿੰਘ ਕਰ ਰਹੇ ਸਨ।

**ਤੱਕੀ ਬੇਗ ਦਾ ਅੱਗੇ ਵਧਣਾ ਤੇ ਤਾਰਾ ਸਿੰਘ ਹਥੋਂ ਜ਼ਖ਼ਮੀ ਹੋਣਾ :—**

ਜਿਨ੍ਹਾਂ ਸਵਾਰਾਂ ਨੂੰ ਬੁਲਾਕਾ ਸਿੰਘ ਨੇ ਹੁਣ ਤਕ ਠਲ੍ਹ ਛਡਿਆ ਸੀ ਤੇ ਉਨ੍ਹਾਂ ਵਿਚੋਂ ਕਈਆਂ ਨੂੰ ਮਾਰ ਖਪਾਇਆ ਸੀ, ਇਹ ਤੱਕੀ ਬੇਗ ਦਾ ਦਸਤਾ ਸੀ। ਬੁਲਾਕਾ ਸਿੰਘ ਦੇ ਡਿਗਦੇ ਸਾਰ ਤੱਕੀ ਬੇਗ ਆਪਣੇ ਸਵਾਰਾਂ ਨੂੰ ਲਲਕਾਰਦਾ ਹੋਇਆ ਅੱਗੇ ਵਧਾ ਕੇ ਐਨ ਸਿੰਘਾਂ ਦੇ ਸਿਰ ਉਤੇ ਆਣ ਪੁਜਾ। ਇਹ ਬੜਾ ਦਿਲ-ਚਲਾ ਤੇ ਨਿਡਰ ਸੂਰਮਾ ਸੀ। ਆਪਣੇ ਬਾਹੂ ਬਲ ਦੇ ਆਸਰੇ ਇਹ ਬੜਾ ਨਾਮਣਾ ਖਟ ਚੁਕਿਆ ਸੀ। ਇਹ ਬੜੀ ਹੈਂਕੜ ਵਿਚ ਗਾਲ੍ਹੀਂ ਕਢਦਾ ਹੋਇਆ ਆ ਰਿਹਾ ਸੀ ਤੇ ਚੰਘਾੜ ਰਿਹਾ ਸੀ ਕਿ ਲਾਅਨਤ ਹੈ ਤੁਹਾਡੇ ਤੇ, ਜੋ ਹੁਣ ਤਕ ਤੁਸੀਂ ਤਾਰਾ ਸਿੰਘ ਨੂੰ ਨਹੀਂ ਮਾਰ ਸਕੇ। ਮੈਨੂੰ ਵਿਖਾਉ ਤਾਰਾ ਸਿੰਘ ਹੈ ਕਿਥੇ? ਜੇ ਮੈਂ ਪਲ ਵਿਚ ਉਹਦੀ ਅਲਖ ਨਾ ਮੁਕਾ ਦਿਆਂ, ਮੈਨੂੰ ਮਰਦ ਨਾ ਸਮਝਿਉ। ਜਦ ਤੱਕੀ ਬੇਗ ਨੇ ਆਪਣੇ ਦਸਤੇ ਨੂੰ ਸਿੰਘਾਂ ਉਤੇ ਇਕ-ਦਮ ਹਲੇ ਲਈ



www.AKJ.Org

ਵਧਾਇਆ ਸੀ ਤਾਂ ਭਾਈ ਤਾਰਾ ਸਿੰਘ ਜੀ ਨੇਜ਼ਾ ਸੰਭਾਲ ਕੇ ਸਾਰਿਆਂ ਸਿੰਘਾਂ ਦੇ ਅੱਗੇ, ਵਧ ਰਹੇ ਵੈਰੀ ਦੇ ਸਵਾਗਤ ਲਈ ਤਿਆਰ ਹੋ ਖੜੇ ਸਨ। ਤੱਕੀ ਬੇਗ ਨੇ ਘੋੜੇ ਤੋਂ ਹੀ ਖਿਚ ਕੇ ਤੀਰ ਮਾਰਿਆ, ਜੋ ਤਾਰਾ ਸਿੰਘ ਦੇ ਮੁੜਾਸੇ ਤੇ ਵਜਾ ਤੇ ਬੇਕਾਰ ਗਿਆ। ਤਾਰਾ ਸਿੰਘ ਨੇ ਵੀ ਤੱਕੀ ਬੇਗ ਦੇ ਲਲਕਾਰੇ ਸੁਣ ਲਏ ਸਨ ਕਿ ਇਹ ਮੈਨੂੰ ਹੀ ਭਾਲਦਾ ਹੈ। ਉਸ ਨੇ ਕਿਹਾ, "ਖਾਨਾ, ਤਾਰਾ ਸਿੰਘ ਕਿਤੇ ਲੁਕਿਆ ਨਹੀਂ। ਆ ਨਿਤਰ ਮੈਦਾਨ ਵਿਚ, ਮੈਂ ਤੈਨੂੰ ਹੀ ਉਡੀਕਦਾ ਹਾਂ।" ਤੱਕੀ ਬੇਗ ਦਾ ਪਾਰਾ ਹੋਰ ਜ਼ਿਆਦਾ ਚੜ੍ਹ ਗਿਆ ਤੇ ਕਮਾਨ ਛੱਡ ਕੇ ਤਲਵਾਰ ਧੂਹ ਲਈ ਤੇ ਇਕ ਭਰਪੂਰ ਵਾਰ ਤਾਰਾ ਸਿੰਘ ਉਤੇ ਕੀਤਾ। ਆਪ ਨੇ ਹੁਸ਼ਿਆਰੀ ਨਾਲ ਵਾਰ ਬਚਾ ਕੇ ਬੜੀ ਫੁਰਤੀ ਨਾਲ ਅਗੇ ਵਧ ਕੇ ਤੱਕੀ ਬੇਗ ਦੇ ਘੋੜੇ ਦੀਆਂ ਵਾਗਾ ਜਾ ਫੜੀਆਂ। ਇਹ ਸਭ ਕੁਝ ਏਡੀ ਤੇਜ਼ੀ ਨਾਲ ਹੋਇਆ ਕਿ ਉਸ ਨੂੰ ਸਿੰਘ ਉਤੇ ਤੀਜਾ ਵਾਰ ਕਰਨ ਦੀ ਮੁਹਲਤ ਹੀ ਨਾ ਮਿਲੀ। ਇਹ ਅਫਸਰ ਸਿਰ ਤੋਂ ਪੈਰਾਂ ਤਕ ਲੋਹੇ ਵਿਚ ਮੜ੍ਹਿਆ ਹੋਇਆ ਸੀ ਤੇ ਇਸ ਦਾ ਕੋਈ ਵੀ ਅੰਗ ਨੰਗਾ ਨਹੀਂ ਸੀ। ਇਸ ਨੂੰ ਆਪਣੇ ਬਚਾਅ ਦਾ ਬੜਾ ਮਾਣ ਸੀ, ਇਸ ਕਰਕੇ ਹੀ ਤਾਰਾ ਸਿੰਘ ਨੂੰ ਵੰਗਾਰ ਕੇ ਉਸ ਉਤੇ ਇਸ ਦਲੇਰੀ ਨਾਲ ਝਪਟਿਆ ਸੀ। ਸਿੰਘ ਨੇ ਸੱਜੇ ਹੱਥ ਨਾਲ ਨੇਜ਼ਾ ਤਾਣ ਕੇ ਉਸ ਦੇ ਮੂੰਹ ਉਤੇ ਮਾਰਿਆ, ਜੋ ਦੰਦ ਭੰਨ ਕੇ ਸੰਘ ਵਿਚ ਜਾ ਖੁਭਿਆ। ਨੇਜ਼ਾ ਵਜਦਿਆਂ ਹੀ ਲਹੂ ਦਾ ਫਵਾਰਾ ਛੁਟ ਪਿਆ। ਉਸ ਦੇ ਸਿਪਾਹੀਆਂ ਨੇ ਵੀ ਖਾਨ ਦੀ ਇਹ ਹਾਲਤ ਹੁੰਦੀ ਵੇਖ ਲਈ ਸੀ ਤੇ ਕਿਸੇ ਨੂੰ ਹੌਸਲਾ ਨਾ ਹੋਇਆ ਕਿ ਵਧ ਕੇ ਤਾਰਾ ਸਿੰਘ ਉਤੇ ਵਾਰ ਕਰੇ। ਸੰਜੋਆਂ ਖੋਦਾਂ ਤੇ ਜ਼ਰਾ-ਬਕਤਰਾਂ ਵਾਲਿਆਂ ਦਾ ਜੇ ਇਹ ਹਾਲ ਹੋ ਸਕਦੈ ਤਾਂ ਬਿਨਾਂ ਸੰਜੋਆਂ ਵਾਲਿਆਂ ਦਾ ਕੀ ਹਸ਼ਰ ਹੋਵੇਗਾ!

ਸਿੰਘ ਨੇ ਦੂਜਾ ਵਾਰ ਨਹੀਂ ਕੀਤਾ। ਖਾਨ ਜੀ ਸਣੇ ਆਪਣੇ ਦਸਤੇ ਦੇ ਪਿਛਾਂਹ ਨੂੰ ਨੱਠ ਤੁਰੇ, ਪਰ ਰਫ਼ਤਾਰ ਅੱਗੇ ਨਾਲੋਂ ਵਧੇਰੇ ਤੇਜ਼ ਸੀ। ਅਗੋਂ ਮੋਮਨ ਖਾਨ ਵਧਦਾ ਆ ਰਿਹਾ ਸੀ। ਉਸ ਨੇ ਤੱਕੀ ਬੇਗ ਦੇ ਮੂੰਹ ਵਿਚੋਂ ਇੰਜ ਲਹੂ ਵਗਦਾ ਵੇਖ ਕੇ ਮਖ਼ੌਲ ਨਾਲ ਆਖਿਆ, "ਖਾਨ ਜੀ, ਪਾਨ ਖਾ ਰਹੇ ਹੋ?" ਤੱਕੀ ਬੇਗ, ਜੋ ਪੀੜ ਨਾਲ ਤੜਫ ਰਿਹਾ ਸੀ, ਨੇ ਕਸੀਸ ਵੱਟ ਕੇ ਜਵਾਬ ਵਜੋਂ ਆਖਿਆ, "ਹਾਂ ਜੀ, ਤਾਰਾ ਸਿੰਘ ਬੜੇ ਸੋਹਣੇ ਬੀੜੇ ਦੇਂਦਾ ਹੈ, ਅਗੇ ਵਧ ਕੇ ਤੁਸੀਂ ਵੀ ਲੈ ਲਵੋ।"

ਤੱਕੀ ਬੇਗ ਦੇ ਦਸਤੇ ਦੇ ਪਿਛਾਂਹ ਭਜਣ ਨਾਲ ਅਗੋਂ ਵਧਦੀ ਆ ਰਹੀ ਫ਼ੌਜ ਇਕ-ਦਮ ਰੁਕ ਗਈ। ਅੱਗੇ ਵਧਣ ਲਈ ਕਿਸੇ ਦਾ ਹੀਆ ਨਾ ਪਵੇ। ਫ਼ੌਜ ਨੂੰ ਇੰਜ ਦਿਲ ਛਡਦੇ ਵੇਖ ਕੇ ਮੋਮਨ ਖਾਨ ਨੇ ਚੇਲੇ (ਮੁਰੀਦ ਖਾਨ) ਨੂੰ ਅਗੇ ਵਧ ਕੇ ਹੱਲੇ ਦਾ ਹੁਕਮ ਦਿਤਾ। ਉਸ ਨੇ ਹਥਵਾਨ ਨੂੰ ਕਿਹਾ ਕਿ ਸਿੰਘਾਂ ਵੱਲ ਹਾਥੀ ਵਧਾਵੇ। ਉਸ ਨੇ ਹਾਥੀ ਅਗੇ ਕਰ ਕੇ ਇੰਜ ਵਧਾਇਆ ਮਾਨੋ ਸਾਹਮਣੇ ਖੜ੍ਹੇ ਸਿੰਘਾਂ ਨੂੰ ਲਿਤਾੜ ਕੁਚਲ ਹੀ ਦੇਵੇਗਾ। ਅਗੋਂ ਭੀਮ ਸਿੰਘ ਨੇ ਹਾਥੀ ਨੂੰ ਇੰਜ ਆਉਂਦਾ ਤਕ ਲਿਆ। ਇਹ ਰਤੋ ਕਿਆਂ ਦਾ ਮਝੈਲ ਰਾਠ ਬੜਾ ਹੀ ਬਲਵਾਨ ਸੀ। ਮਝੀਆਂ ਚੁੰਘ ਚੁੰਘ ਕੇ ਤੇ ਮੱਖਣ ਮਲਾਈਆਂ ਖਾ ਖਾ ਕੇ ਇਹ ਏਨਾ ਤਾਕਤਵਰ ਬਣ ਗਿਆ ਸੀ ਕਿ ਚਲਦੇ ਹਾਥੀ ਨੂੰ ਰੋਕ ਲੈਣਾ ਇਸ ਲਈ ਕੋਈ ਮੁਸ਼ਕਲ ਕੰਮ ਨਹੀਂ ਸੀ। ਇਸ ਦਾ ਬਲ ਤੇ ਨਾਂ ਐਨ ਮੇਲ ਖਾਂਦੇ ਸਨ। ਉਹ ਸ਼ੇਰ ਵਾਂਗੂ ਝਪਟਿਆ ਅਤੇ ਹਾਥੀ ਨੂੰ ਕੰਨੋਂ ਫੜ, ਆਪਣੇ ਕਸਬ ਨਾਲ ਖਲ੍ਹਿਆਰ ਕੇ, ਅੱਖ ਦੇ ਪਲਕਾਰੇ ਵਿਚ ਉਤੇ ਚੜ੍ਹ, ਆਪਣੀ ਤਲਵਾਰ ਹਥਵਾਨ ਦੇ ਮਾਰੀ। ਜਾਨ ਬਚਾਉਣ ਲਈ ਉਸ ਨੇ ਜੀ-ਭਿਆਣੇ ਤਲਵਾਰ ਅਗੇ ਅੰਕਸ ਕਰ ਦਿਤਾ, ਜਿਸ ਉਤੇ ਵਜ ਕੇ ਤਲਵਾਰ ਦੋ ਟੋਟੇ ਹੋ ਗਈ। ਭੀਮ ਸਿੰਘ ਨੇ ਹੱਥ ਵਿਚ ਬਚੇ ਟੋਟੇ ਨਾਲ ਹੀ ਦੂਜਾ ਵਾਰ ਕਰ ਕੇ ਹਥਵਾਨ ਦਾ ਸਿਰ ਅੱਡ ਕਰ ਦਿਤਾ ਤੇ ਇਸ ਦੇ ਮਗਰੇ ਧੜ ਵੀ ਧਰਤੀ ਉਤੇ ਡਿਗ ਪਿਆ। ਹਾਥੀ ਦੇ ਗੋਡ ਅਜੇ ਵੀ ਉਂਜ ਹੀ ਧਰਤੀ ਤੇ ਟਿਕੇ ਹੋਏ ਸਨ। ਹੁਣ ਚੇਲੇ ਨੇ ਆਪਣੇ ਨੇਜ਼ੇ ਨਾਲ ਕਈ ਵਾਰ ਭੀਮ ਸਿੰਘ ਉਤੇ ਕੀਤੇ, ਜੋ ਤਲਵਾਰ ਦੇ ਉਸ ਟੋਟੇ ਨਾਲ ਝਲੀ ਗਿਆ। ਚੇਲਾ ਹੌਦੇ ਵਿਚ ਸੀ ਤੇ ਭੀਮ ਸਿੰਘ ਭੁੰਜਿਉਂ ਹਾਥੀ ਨੂੰ ਇਸ ਹਾਲਤ ਵਿਚ ਲਈ ਖੜਾ ਸੀ ਕਿ ਉਹ ਅਗਲੀਆਂ ਲੱਤਾਂ ਸਿੱਧੀਆਂ ਕਰ ਕੇ ਉਠ ਖੜਾ ਨਾ ਹੋਵੇ। ਇਸ ਅਨੋਖੀ ਲੜਾਈ ਤੇ ਅਜਬ ਨਜ਼ਾਰੇ ਨੂੰ ਸ਼ਾਹੀ ਸੈਨਾ ਤਕ ਰਹੀ ਸੀ। ਹਰ ਕੋਈ ਸਮਝ ਰਿਹਾ ਸੀ ਕਿ ਚੇਲੇ ਨੇ ਭੀਮ ਸਿੰਘ ਨੂੰ ਹੁਣ ਵੀ ਮਾਰਿਆ ਕਿ ਹੁਣ ਵੀ ਮਾਰਿਆ। ਪਰ ਅਸ਼ਕੇ ਹੈ ਭੀਮ ਸਿੰਘ ਦੇ, ਜਿਸ ਨੇ ਨਾਂ ਤਾਂ ਹਾਥੀ



www.AKJ.Org

ਨੂੰ ਸਿਧਿਆਂ ਹੋਣ ਦਿਤਾ ਤੇ ਨਾ ਚੇਲੇ ਤੋਂ ਕੋਈ ਫਟ ਖਾਧਾ।

**ਚੇਲੇ ਦਾ ਮਾਰੇ ਜਾਣਾ :–**

ਤਾਰਾ ਸਿੰਘ ਨੇ ਇਹ ਅਨੋਖਾ ਦ੍ਰਿਸ਼ ਵੇਖ ਕੇ ਲਖਬੀਰ ਸਿੰਘ ਘਰਿਆਲੀਏ ਨੂੰ ਆਖਿਆ ਕਿ ਜਦੋਂ ਮਝੀਆਂ ਚਾਰਦੇ ਹੁੰਦੇ ਸਾਂ ਓਦੋਂ ਤੂੰ ਦੋ ਦੋ ਲਾਗੋ ਲਾਗੀ ਕਰ ਕੇ ਤੇ ਛਾਲ ਮਾਰ ਕੇ ਇਕੱਠੀਆਂ ਟੱਪ ਜਾਂਦਾ ਹੁੰਦਾ ਸੈਂ। ਉਹ ਹੱਥ ਵਿਖਾਉਣ ਦਾ ਹੁਣ ਵੇਲਾ ਹੈ। ਮਾਰ ਕੇ ਛਾਲ ਅਗੇ ਵਧ। ਲਖਬੀਰ ਸਿੰਘ ਨੇਜ਼ਾ ਤਾਣ ਕੇ ਅੱਗੇ ਹੋਇਆ ਤੇ ਉਛਲ ਕੇ ਚੇਲੇ ਦਾ, ਜੋ ਹੌਦੇ ਵਿਚ ਬੈਠਾ ਭੀਮ ਸਿੰਘ ਉਤੇ ਵਾਰ ਤੇ ਵਾਰ ਕਰ ਰਿਹਾ ਸੀ, ਮੌਢਾ ਪਾੜ ਦਿਤਾ। ਇਸ ਦੇ ਨਾਲ ਹੀ ਦੋ ਸਿੰਘ ਜਾ ਪਏ ਤੇ ਪੂਛ ਥਾਣੀਂ ਉਤੇ ਚੜ੍ਹ ਕੇ ਚੇਲੇ ਨੂੰ ਹੌਦੇ ਵਿਚ ਹੀ ਪਾਰ ਬੁਲਾ ਦਿਤਾ। ਉਸ ਦੀ ਲਾਸ਼ ਭੁੰਜੇ ਸੁੱਟ ਦਿਤੀ ਤੇ ਹਾਥੀ ਨੂੰ ਹੱਕ ਕੇ ਤਾਰਾ ਸਿੰਘ ਪਾਸ ਲੈ ਆਏ। ਇਹ ਹਾਥੀ ਸਿੰਘਾਂ ਦੇ ਕਿਸੇ ਕੰਮ ਨਹੀਂ ਸੀ ਆ ਸਕਦਾ। ਤਾਰਾ ਸਿੰਘ ਦੇ ਕਹਿਣ ਤੇ ਸਿੰਘਾਂ ਨੇ ਉਸੇ ਵੇਲੇ ਉਸ ਨੂੰ ਤੁਰਕਾਂ ਵਲ ਹੱਕ ਦਿਤਾ। ਉਹਨਾਂ ਇਸ ਹਥੋ ਹਥ ਘਮਸਾਨ ਦੀ ਲੜਾਈ ਵਿਚ ਪੈਦਲ ਹੋ ਕੇ ਹੀ ਲੜਨਾ ਪਸੰਦ ਕੀਤਾ। ਚੇਲੇ ਦੇ ਦਸਤੇ ਨੇ ਆਪਣੇ ਸਰਦਾਰ ਦੀ ਲਾਸ਼ ਚੁਕਣ ਲਈ ਫਿਰ ਜੀਅ ਕਰੜਾ ਕਰਕੇ ਹੱਲਾ ਕੀਤਾ। ਦੁਵੱਲੀ ਤੇਗ ਚੱਲੀ। ਆਏ ਤਾਂ ਚੇਲੇ ਦੀ ਲਾਸ਼ ਚੁਕਣ ਸਨ, ਜੋ ਚੁਕੀ ਨਾ ਜਾ ਸਕੀ ਤੇ ਉਹਨਾਂ ਚੋਂ ਕਈ ਜਣੇ ਆਪ ਲਾਸ਼ਾਂ ਬਣ ਕੇ ਉਸ ਦੇ ਸੰਗ ਧਰਤੀ ਉਤੇ ਸੌਂ ਗਏ। ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਪਈਆਂ ਸਨ। ਇਸ ਘਮਸਾਨ ਵਿਚ ਕੁਝ ਸਿੰਘਾਂ ਨਾਲ ਭੀਮ ਸਿੰਘ ਵੀ ਸ਼ਹੀਦੀ ਪਾ ਗਿਆ। ਮੈਦਾਨ ਵਿਚ ਬੜੀ "ਹਾ ਹੂ" ਮਚੀ ਹੋਈ ਸੀ। "ਵਾਂ" ਨਗਰ ਦੇ ਲੋਕ ਕੋਠਿਆਂ ਉਤੇ ਚੜ੍ਹ ਕੇ ਲੜਾਈ ਦਾ ਖ਼ੂਨੀ ਤਮਾਸ਼ਾ ਵੇਖੀ ਗਏ, ਸਿੰਘਾਂ ਦੀ ਸਹਾਇਤਾ ਲਈ ਕੋਈ ਅੱਗੇ ਨਾ ਆਇਆ।

ਸਿਆਲੀ ਦਿਨ ਸਨ। ਸੂਰਜ ਚੜ੍ਹਦੇ ਨਾਲ ਲੋਹੇ ਤੇ ਲੋਹਾ ਖੜਕਣਾ ਸ਼ੁਰੂ ਹੋਇਆ ਸੀ ਤੇ ਹੁਣ ਸੂਰਜ ਢਲ ਚੁਕਿਆ ਸੀ। ਬੰਦੂਕਾਂ, ਰਹਿਕਲੇ, ਜ਼ੰਬੂਰੇ ਤੇ ਤੋਪਾਂ ਆਦਿ ਹੁਣ ਤਕ ਸਿੰਘਾਂ ਨੂੰ ਪੂਰੀ ਤਰ੍ਹਾਂ ਤਬਾਹ ਨਾ ਕਰ ਸਕੀਆਂ। ਫੌਜ ਨੇ ਵਾੜੇ ਨੂੰ ਅੱਗ ਲਾਉਣ ਦਾ ਯਤਨ ਵੀ ਕੀਤਾ। ਸਿੰਘਾਂ ਨੇ ਕਿਸੇ ਨੂੰ ਨਾ ਤਾਂ ਵਾੜੇ ਨੇੜੇ ਆਉਣ ਦਿਤਾ ਤੇ ਨਾ ਹੀ ਵਾੜੇ ਨਾਲ ਲਗਦੀ ਢਾਬ ਵਿਚੋਂ ਕਿਸੇ ਨੂੰ ਪਾਣੀ ਹੀ ਪੀਣ ਦਿਤਾ। ਪਾਣੀ ਖੁਣੋਂ ਸੈਨਾ ਬਹੁਤ ਹੀ ਜ਼ਿਚ ਹੋ ਰਹੀ ਸੀ। ਸੰਘਣੇ ਜੰਡਾਂ ਕ੍ਰੀਰਾਂ ਨੇ ਤੋਪਾਂ ਆਦਿ ਦਾ ਪੂਰਾ ਅਸਰ ਨਾ ਹੋਣ ਦਿਤਾ। ਹਾਂ ਬੰਦੂਕਚੀਆਂ ਨੇ ਸਿੰਘਾਂ ਦਾ ਕਾਫ਼ੀ ਨੁਕਸਾਨ ਕੀਤਾ।

**ਕਰਬਾਠੀਏ ਸਿੰਘ :–**

"ਵਾਂ" ਦੇ ਐਨ ਉੱਤਰ ਵਿਚ ੮–੯ ਕਿਲੋ ਮੀ: ਦੀ ਵਿਥ ਤੇ ਲਾਹੌਰ ਹਰੀਕੇ ਸੜਕੋਂ ਥੋੜਾ ਜਿਹਾ ਹਟ ਕੇ ਇਕ ਮਸ਼ਹੂਰ ਪਿੰਡ "ਹਡਿਆਰਾ" ਹੈ। ਇਸ ਦੇ ਸਾਮ੍ਹਣੇ ਸੜਕੋ ਦੂਜੇ ਪਾਸੇ, ਥੋੜਾ ਜਿਹਾ ਲਹਿੰਦੇ ਦਖਣ ਵਿਚ ਨੂਰਪੁਰ ਗਾਗਾ ਤੇ ਕਰਬਾਠ ਲਾਗੋ ਲਾਗੀ ਦੋ ਪਿੰਡ ਹਨ। ਕਰਬਾਠਾਂ ਦੇ ਦੋ ਸਿੱਖ ਭਰਾ ਗੱਡਾ ਜੋੜ ਕੇ ਕੱਲਰ ਲੈਣ ਲਈ "ਵਾਂ" ਵਲ ਆਏ ਕਿ ਕੱਲਰ* ਲਿਜਾ ਕੇ ਕਣਕਾਂ ਵਿਚ ਰੂੜੀ ਪਾਵਾਂਗੇ।

ਜਦ ਉਹ "ਵਾਂ" ਦੀ ਜੂਹ ਵਿਚ ਪੁਜੇ ਤਾਂ ਕਿਸੇ ਤੋਂ "ਵਾਂ" ਵਿਚ ਤਾਰਾ ਸਿੰਘ ਦੇ ਤੇ ਉਸ ਦੇ ਨਾਲ ਦੇ ਸਿੰਘਾਂ ਬਾਰੇ ਪੁਛਿਆ ਕਿ ਕੀ ਹਾਲ ਹਵਾਲ ਹਨ। ਨੌਸ਼ਹਿਰੀਏ ਚੌਧਰੀ ਤੇ ਪਿਛੋਂ ਜਾਅਫਰ ਬੇਗ ਪੱਟੀ ਵਾਲੇ ਦਾ ਹਾਲ ਜੋ ਤਾਰਾ ਸਿੰਘ ਨੇ ਕੀਤਾ ਸੀ, ਇਸ ਦੀਆਂ ਖ਼ਬਰਾਂ ਦੂਰ ਦੂਰ ਤਕ ਧੁੰਮ ਗਈਆਂ ਸਨ। ਤੇ ਫਿਰ ਇਹ ਖ਼ਬਰ ਵੀ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ ਕਿ ਸਿੰਘਾਂ ਦੇ ਖ਼ਿਲਾਫ਼ ਮੁਹਿੰਮ ਲਈ ਤਕੜੀ ਫ਼ੌਜੀ ਤਿਆਰੀ ਕੀਤੀ ਜਾ ਰਹੀ ਹੈ ਜੋ ਛੇਤੀ ਹੀ ਸਿੰਘਾਂ ਉਤੇ ਹਮਲਾ ਕਰੇਗੀ। ਕਰਬਾਠੀਏ ਸਿੰਘ ਹਮਦਰਦੀ ਵਜੋਂ ਉਨ੍ਹਾਂ ਦੀ ਖ਼ੈਰ ਸੁਖ ਪੁਛ ਰਹੇ ਸਨ। ਅਗੋਂ ਦਸਣ ਵਾਲੇ ਦਸਿਆ ਕਿ ਸਿੰਘਾਂ ਤਾਂ ਸ਼ਹੀਦ ਹੋ ਜਾਣ ਦੀ ਧਾਰ ਲਈ ਹੈ, ਅੱਜ ਸ਼ਾਹੀ ਸੈਨਾ ਚੜ੍ਹ ਕੇ ਆ ਗਈ ਹੈ ਤੇ ਅੱਗੇ ਲੜਾਈ ਹੋ ਰਹੀ ਹੈ। ਇਹ ਸੁਣ ਕੇ ਇਕ ਭਰਾ ਨੇ ਦੂਜੇ ਨੂੰ

* ਉਸ ਵੇਲੇ ਰਸਾਇਣਕ ਖਾਦਾਂ ਕਿਥੇ ? ਇਨ੍ਹਾਂ ਦੀ ਥਾਂ ਕਲਰ ਹੀ ਕੰਮ ਕਰਦਾ ਸੀ। ਕੱਲਰ ਦੀ ਵਰਤੋਂ ਅੱਜ ਵੀ ਕਈ ਕਿਸਾਨ ਕਰਦੇ ਹਨ।



www.AKJ.Org

ਆਖਿਆ ਕਿ ਲੈ ਭਈ, ਤੂੰ ਹੁਣ ਗੱਡਾ ਬੌਲਦ ਸਾਂਭ, ਮੈਂ ਤਾਂ ਚਲ ਕੇ ਭਰਾਵਾਂ ਸੰਗ ਸ਼ਹੀਦ ਹੁੰਦਾ ਹਾਂ। ਵਾਹਿਗੁਰੂ ਨੇ ਬੜਾ ਸੋਹਣਾ ਢੋਅ ਢੁਕਾਇਆ ਹੈ, ਇਹੋ ਜਿਹਾ ਮੌਕਿਆ ਕਿਤੇ ਧਰਿਆ ਪਿਆ ਹੈ। ਦੂਜੇ ਨੇ ਆਖਿਆ ਕਿ ਮੈਂ ਹੁਣ ਪਿਛੇ ਕਾਹਦੇ ਲਈ ਮੁੜਨਾ ਹੈ। ਮੈਂ ਵੀ ਇਹ ਮੌਕਿਆ ਕਿਉਂ ਛਡਾਂ ! ਚਲ ਆਪਾਂ ਇਕੱਠੇ ਹੀ ਚਲਦੇ ਹਾਂ।

ਸੋ ਗਡੇ ਬੌਲਦ ਉਥੇ ਹੀ ਛਡਕੇ ਦੋਵੇਂ ਭਰਾ ਸਿਰੀ ਸਾਹਿਬ ਸੂਤ ਕੇ ਜਿਧਰ ਲੜਾਈ ਹੋ ਰਹੀ ਸੀ ਉਧਰ ਤੁਰ ਪਏ। ਇਹ ਦੋਵੇਂ ਅਚਨਚੇਤ ਤਰਕਾਨੀ ਸੈਨਾ ਨੂੰ ਪਿਛਲੇ ਪਾਸਿਓਂ ਜਾ ਪਏ। ਫੌਜ ਵਿਚ ਇਨ੍ਹਾਂ ਡਾਢਾ ਹਰਜਲਾ ਮਚਾ ਦਿਤਾ। ਸਾਰੇ ਕਹਿਣ ਲੱਗ ਪਏ ਕਿ ਨਵੀਂ ਬਿਜ ਕਿਥੋਂ ਆਣ ਪਈ ਹੈ। ਅਗਲੇ ਪਾਸਿਓਂ ਤਾਰਾ ਸਿੰਘ ਤੇ ਉਸ ਦੇ ਸਾਥੀ ਆਹੂ ਲਾਹੀ ਜਾ ਰਹੇ ਸਨ ਤੇ ਪਿਛਲੇ ਪਾਸਿਓਂ ਇਨ੍ਹਾਂ ਨੇ **ਵਢਾਗਾ** ਧਰ ਲਿਆ ਅਤੇ ਪਲ ਵਿਚ **ਖਪੇ ਖੋਲ੍ਹ ਦਿਤੇ**। ਫੌਜ ਵਿਚ ਬੁਰੀ ਤਰ੍ਹਾਂ ਅਫਰਾ ਤਫਰੀ ਮੱਚ ਗਈ। ਦੋਵੇਂ ਸੂਰਮੇਂ ਫੌਜ ਵਿਚ ਵੀ ਵਢਦੇ ਕਟਦੇ ਅੰਤ ਵਿਚ ਸਿੰਘਾਂ ਨਾਲ ਜਾ ਰਲੇ। ਦੋਹੀਂ ਧਿਰੀਂ ਚਾਅ ਚੜ੍ਹ ਗਿਆ। ਸਾਰਿਆਂ ਮਿਲ ਕੇ ਗੱਜ ਕੇ ਜੈਕਾਰਾ ਗਜਾਇਆ। ਵੈਰੀਆਂ ਵਿਚ ਭਗਦੜ ਮੱਚ ਗਈ ਤੇ ਉਹ ਪਿਛਾਂਹ ਨੂੰ ਨਸ ਤੁਰੇ। ਸਿੰਘ ਰੋਹ ਵਿਚ ਆ ਕੇ ਵੈਰੀ ਉਤੇ ਜਾ ਪਏ ਤੇ ਮਾਰ ਮਾਰ ਕਰਦੇ ਦੂਰ ਤਕ ਭਜਾ ਦਿਤਾ।

ਕਤਬਾਠਾਂ ਦੇ ਇਹ ਦੋਵੇਂ ਸਿੰਘ ਦੂਜਿਆਂ ਸਿੰਘਾਂ ਨਾਲ ਮੈਦਾਨ ਵਿਚ ਹੀ ਸ਼ਹੀਦ ਹੋ ਗਏ ਸਨ, ਇਸ ਲਈ ਇਨ੍ਹਾਂ ਦੇ ਪਵਿੱਤਰ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ। ਲੜਾਈ ਤੋਂ ਪਿਛੋਂ ਜਦ ਬਿਨ-ਸਿਰਾਂ ਦੀਆਂ ਲਾਸ਼ਾਂ, ਭਾਵ ਸ਼ਹੀਦ ਸਿੰਘਾਂ ਦਿਆਂ ਧੜਾਂ ਦਾ ਸਸਕਾਰ ਕੀਤਾ ਗਿਆ ਤਾਂ "ਵਾਂ" ਵਾਲਿਆਂ ਵਿਚੋਂ ਕਿਸੇ ਨੂੰ ਇਹ ਪਤਾ ਨਾ ਲੱਗ ਸਕਿਆ ਕਿ ਇਹ ਦੋ ਹੋਰ ਧੜ ਕਿਸ ਕਿਸ ਦੇ ਹਨ।

**ਮਨਸਾ ਰਾਮ ਤੇ ਦਯਾ ਰਾਮ ਦਾ ਹੱਲਾ :—**

ਹੁਣ ਤਕ ਮੋਮਨ ਖ਼ਾਂ ਦੇ ਸੈਂਕੜੇ ਸਿਪਾਹੀ ਮਾਰੇ ਜਾ ਚੁਕੇ ਸਨ। ਤੱਕੀ ਬੇਗ ਆਪਣੇ ਦਸਤੇ ਸਮੇਤ ਭਾਂਜ ਖ਼ਾਂ ਆਇਆ ਸੀ ਤੇ ਬੁਰੀ ਤਰ੍ਹਾਂ ਜ਼ਖਮੀ ਹੋਇਆ ਪਿਆ ਸੀ। ਚੇਲਾ ਵੀ ਮਾਰਿਆ ਜਾ ਚੁਕਾ ਸੀ। ਮੋਮਨ ਖਾਨ ਵਾਲੇ ਹਾਥੀ ਨੂੰ ਛਡ ਕੇ ਬਾਕੀ ਚੌਹਾਂ ਦੇ ਹੋਦੇ ਖਾਲੀ ਹੋ ਚੁਕੇ ਸਨ। ਕਈ ਘੋੜੇ ਵੀ ਜ਼ਖਮੀ ਹੋਏ ਪਏ ਸਨ ਤੇ ਸੈਂਕੜੇ ਹੋਰ ਸਵਾਰਾਂ ਤੋਂ ਬਿਨਾਂ ਐਧਰ ਉਧਰ ਭਜੇ ਫਿਰਦੇ ਸਨ। ਫੌਜ ਵਿਚ ਬੇਦਿਲੀ ਛਾਈ ਹੋਈ ਸੀ ਤੇ ਸਾਰੇ ਕਹਿ ਰਹੇ ਸਨ ਕਿ ਸਿੰਘ ਗਿਣਤੀ ਵਿਚ ਥੋੜ੍ਹੇ ਨਹੀਂ, ਸਗੋਂ ਬਹੁਤ ਜ਼ਿਆਦਾ ਹਨ। ਸਾਰਿਆਂ ਨੂੰ ਮਾਰ ਖਾ ਕੇ ਪਿਛਾਂਹ ਹਟਣਾ ਪੈ ਰਿਹਾ ਹੈ। ਐਸੀ ਮਾਰੂ ਨਿਰਾਸਤਾ ਵੇਖ ਕੇ ਮੋਮਨ ਖ਼ਾਂ ਨੇ ਮਨਸਾ ਰਾਮ ਤੇ ਦਯਾ ਰਾਮ, ਜੋ ਕੁਦਲ ਪੁਰ ਦੇ ਪੂਰਬੀਏ ਸਨ, ਨੂੰ ਹੁਕਮ ਦਿਤਾ ਕਿ ਹੁਣ ਉਹ ਆਪਣੇ ਦਸਤੇ ਲੈ ਕੇ ਅੱਗੇ ਵਧਣ ਤੇ ਹਮਲਾ ਕਰਨ। ਇਨ੍ਹਾਂ ਦੋ ਸੱਜਰਸਾਹ ਦਸਤਿਆਂ ਨੇ ਲੜਾਈ ਦਾ ਰੰਗ ਬਦਲ ਦਿਤਾ। ਮੋਮਨ ਖ਼ਾਂ ਨੇ ਹਾਥੀ ਫੇਰਕੇ, ਦੀਨ ਦਾ ਵਾਸਤਾ ਪਾ ਕੇ ਭਜੇ ਜਾਂਦਿਆਂ ਨੂੰ ਰੋਕਿਆ। ਅਸਲਾਮ ਦੇ ਨਾਂ ਤੇ ਦੁਹਾਈ ਦੇ ਕੇ ਆਖਿਆ, ਇੰਜ ਭਜ ਕੇ ਕਿਹੜਾ ਮੂੰਹ ਲੈ ਕੇ ਲਾਹੌਰ ਵੜੋਗੇ ? ਸਿੰਘਾਂ ਦੀ ਗਿਣਤੀ ਹੁਣ ਬਹੁਤ ਥੋੜੀ ਰਹਿ ਗਈ ਹੈ। ਡੱਟ ਜਾਵੋ, ਰਸੂਲ ਤੋਂ ਮੂੰਹ ਨਾ ਮੋੜੋ। ਰਸੂਲ ਤੇ ਅਸਲਾਮ ਦੇ ਵਾਸਤੇ ਨਾਲੋਂ, 'ਸਿੰਘਾਂ ਦੀ ਗਿਣਤੀ ਥੋੜੀ ਰਹਿ ਗਈ ਹੈ' ਦੀ ਖਬਰ ਸੁਣਕੇ ਮੈਦਾਨੋਂ ਭਜੇ ਜਾਂਦੇ ਤੁਰਕ ਸਿਪਾਹੀ ਥੰਮ ਗਏ, ਤੇ ਹੌਸਲਾ ਧਾਰ ਕੇ ਮੁੜੇ ਤੇ ਫਿਰ ਸਿੰਘਾਂ ਨਾਲ ਟੱਕਰ ਪਏ। ਲੜਾਈ ਇਕ ਵਾਰ ਫਿਰ ਚੰਗੀ ਭਖ ਪਈ। ਮੋਮਨ ਖ਼ਾਂ ਹਾਥੀ ਵਧਾ ਕੇ ਅੱਗੇ ਵਧ ਵਧ ਦਲੇਰੀਆਂ ਦੇਣ ਲੱਗਾ। ਹੁਣ ਉਹ ਬਿਲਕੁਲ ਮੂਹਰਲਿਆਂ ਦੇ ਨਾਲ ਸੀ ਤੇ ਉਸ ਨੇ ਲਖਬੀਰ ਸਿੰਘ ਉਤੇ ਕਈ ਵਾਰ ਕੀਤੇ, ਜੋ ਉਸ ਨੇ ਬੜੀ ਹੁਸ਼ਿਆਰੀ ਨਾਲ ਬਚਾ ਲਏ। ਫਿਰ ਉਸ ਨੇ ਹਾਥੀ ਉਤੋਂ ਤਾਣ ਕੇ ਨੇਜ਼ਾ ਸਿੰਘ ਵਲ ਚਲਾਵਾਂ ਸੁਟਿਆ, ਜੋ ਉਸ ਨੇ ਰੋਕ ਲਿਆ। ਅਮਰ ਸਿੰਘ ਦਿਲੋਂ ਭੁਸਿਆਂ ਵਾਲਾ ਤਮਕ ਖਾ ਕੇ ਨੇਜ਼ਾ ਤਾਣੀ ਲਲਕਾਰਦਾ ਹੋਇਆ ਮੋਮਨ ਖ਼ਾਂ ਵਲ ਵਧਿਆ। ਇਸ ਤੋਂ ਪਹਿਲਾਂ ਕਿ ਉਹ ਮੋਮਨ ਖ਼ਾਂ ਨੂੰ ਨੇਜ਼ੇ ਨਾਲ ਅੜੁੰਬ ਦੇਵੇ, ਦਯਾ ਰਾਮ ਤੇ ਮਨਸਾ ਰਾਮ ਅੱਗੇ ਹੋ ਵਿਚਕਾਰ ਆਣ ਖਲੋਤੇ। ਲਖਬੀਰ ਸਿੰਘ ਤੇ ਅਮਰ ਸਿੰਘ ਦੋਹਾਂ ਪੂਰਬੀਆਂ ਨਾਲ ਹਥੋ ਹਥੀ ਜੁਟ ਪਏ। ਪੂਰਬੀਆਂ ਦਿਆਂ ਦਸਤਿਆਂ ਨੇ ਹੁਣ ਦੋਹਾਂ ਸਿੰਘਾਂ ਨੂੰ ਵਿਚਕਾਰ ਲੈ ਕੇ ਦੁਆਲੇ ਕੁੰਡਲ ਘਤ ਲਿਆਂ ਤੇ ਭਲਵਾਨਾਂ ਦਾ ਦੰਗਲ ਵੇਖਣ ਵਾਲਿਆਂ ਵਾਂਗ ਚੁਫੇਰੇ



www.AKJ.Org

ਹੋ ਗਏ। ਦੋਵੇਂ ਪੂਰਬੀਏ ਚੰਗੇ ਲੜਾਕੇ ਤੇ ਫ਼ੌਜ ਵਿਚ ਉਘੇ ਸੂਰਮੇ ਮੰਨੇ ਜਾਂਦੇ ਸਨ। ਇਨ੍ਹਾਂ **ਬੜੇ ਵਿਉਂ ਤੇ ਹੰਕਾਰ** ਨਾਲ ਕਿਹਾ ਕਿ ਸਾਡਾ ਕੋਈ ਸਿਪਾਹੀ ਅਗੇ ਨਾ ਆਵੇ। ਹੁਣ ਸਾਡਾ ਚੋਹਾਂ ਦਾ ਨਜ਼ਾਰਾ ਵੇਖੋ। ਜੀਉਂਦੇ ਹਥੀਂ ਫੜ ਕੇ ਇਹ ਦੋਵੇਂ ਕਾਫ਼ਰ ਫੜਾ ਦੇਂਦੇ ਹਾਂ। ਮੋਮਨ ਖ਼ਾਂ ਵੀ ਇਹ ਨਜ਼ਾਰਾ ਬੜੇ ਮਜ਼ੇ ਤੇ ਭਰੋਸੇ ਨਾਲ ਹਾਥੀ ਤੋਂ ਵੇਖਣ ਲੱਗਾ। ਦੋਵੇਂ ਧਿਰਾਂ ਪੂਰਾ ਤਾਣ ਲਾ ਰਹੀਆਂ ਸਨ। ਇਕ ਵਾਰ ਤਾਂ ਜਾਪਿਆ ਕਿ ਸੱਜਰ ਸਾਹ ਪੂਰਬੀਏ ਬੋਲ ਪੁਗਾ ਜਾਣਗੇ। ਪਰ ਸਿੰਘਾਂ ਨੇ ਥੋੜੇ ਸਮੇਂ ਵਿਚ ਹੀ ਦਮੋਂ ਕਢ ਲਏ। ਵੇਖਣ ਵਾਲਿਆਂ ਨੂੰ ਪਤਾ ਹੀ ਓਦੋਂ ਲੱਗਾ ਜਦ ਦੋਹਾਂ ਨੂੰ ਨੇਜ਼ਿਆਂ ਨਾਲ ਵਿੰਨ੍ਹ ਕੇ ਭੋਏਂ ਉਲੱਦ ਮਾਰਿਆ।

ਪੂਰਬੀਏ ਮਰਨ ਦੀ ਦੇਰ ਸੀ ਕਿ ਮੋਮਨ ਖ਼ਾਂ ਨੇ ਇਕ-ਦਮ ਹੱਲਾ ਕਰ ਦੇਣ ਲਈ ਲਲਕਾਰਿਆ। ਹੁਣ ਤਕ ਤਮਾਸ਼ਾਈ ਬਣੇ ਸਿਪਾਹੀਆਂ ਨੇ ਚੁਫੇਰਿਓਂ ਸਿੰਘਾਂ ਉਤੇ ਹੱਲਾ ਬੋਲ ਦਿਤਾ। ਸਿੰਘ ਵੀ ਸ਼ਹੀਦ ਹੋਣ ਤੋਂ ਪਹਿਲਾਂ ਕਈਆਂ ਨੂੰ ਢੇਰੀ ਕਰ ਗਏ। ਅਮਰ ਸਿੰਘ ਤੇ ਲਖਬੀਰ ਸਿੰਘ ਇਕ ਥਾਂ ਸ਼ਹੀਦ ਹੋਏ।

**ਲੜਾਈ ਦਾ ਅੰਤ :—**

ਮੋਮਨ ਖ਼ਾਂ ਨੇ ਸ਼ਾਹੀ ਸੈਨਾ ਨੂੰ ਹੋਰ ਹਲਾ-ਸ਼ੇਰੀ ਦੇ ਕੇ ਹੁਣ ਤਾਰਾ ਸਿੰਘ ਹੋਰਾਂ ਵਲ ਵਧਾਇਆ। ਅਗੋਂ ਸਿੰਘ ਵੀ ਇਕ ਨਾ ਇਕ ਕਰ ਦੇਣ ਦੀ ਧਾਰ ਕੇ ਜੁਟ ਪਏ। ਸਿੰਘਾਂ ਦੀ ਨਾ ਤਾਂ ਕੋਈ ਬੜਵੀਂ ਸੈਨਾ ਸੀ, ਨਾ ਪੂਰੇ ਹਥਿਆਰ ਸਨ, ਨਾ ਕੋਈ ਕੋਟ ਜਾਂ ਕਿਲ੍ਹਾ-ਬੰਦੀ ਤੇ ਨਾ ਕਿਤਿਓਂ ਕਿਸੇ ਪ੍ਰਕਾਰ ਦੀ ਸਹਾਇਤਾ ਦੀ ਆਸ। ਇਹ ਕੋਈ ਬਰਾਬਰ ਦੀ ਲੜਾਈ ਨਹੀਂ ਸੀ। ਗਿਣਤੀ ਦੇ ਕੁਲ ਬਾਈ ਕੁ ਹੀ ਤਾਂ ਆਦਮੀ ਸਨ। ਇਹ ਏਡੀ ਵੱਡੀ ਫ਼ੌਜ ਮੂਹਰੇ ਕਿੰਨਾ ਕੁ ਚਿਰ ਨਿਭ ਸਕਦੇ ਸਨ। ਪਰ ਫਿਰ ਵੀ ਸਾਰਾ ਦਿਨ ਜੁੱਟੇ ਰਹੇ ਤੇ ਇਸ ਸਨੱਧ-ਬੱਧ ਲਾਮ-ਲਸ਼ਕਰ ਨੂੰ ਦਿਨੇ ਤਾਰੇ ਵਿਖਾਉਂਦੇ ਰਹੇ। ਉਹ ਜੰਡਾਂ ਕ੍ਰੀਰਾਂ ਦੀ ਓਟ ਵਿਚ ਹੋ ਕੇ ਡਟ ਕੇ ਲੜਦੇ ਰਹੇ। ਦੁਸ਼ਮਣ ਦੀਆਂ ਤੋਪਾਂ, ਰਹਿਕਲੇ, ਜ਼ੰਬੂਰੇ ਉਨ੍ਹਾਂ ਨੂੰ ਭੈਭੀਤ ਨਾ ਕਰ ਸਕੇ। ਉਹ ਮੌਕਾ ਤਾੜ ਕੇ ਵੈਰੀ ਦਿਆਂ ਪਰ੍ਹਿਆਂ ਵਿਚ ਘੁਸ ਜਾਂਦੇ ਤੇ ਐਸਾ ਘਮਸਾਨ ਮਚਾ ਦੇਂਦੇ ਕਿ ਵੈਰੀ ਦੇ ਸਥਰ ਲਹਿ ਜਾਂਦੇ ਸਨ। ਸਿੰਘ ਵੀ ਬੇਜਿਗਰੀ ਨਾਲ ਫਟ ਤੇ ਫਟ ਖਾਂਦੇ ਰਹੇ, ਪਰ ਕੀ ਮਜਾਲ, ਕਿਸੇ ਨੇ ਕਦਮ ਪਿਛਾਂਹ ਹਟਾਇਆ ਹੋਵੇ। ਕੁਝ ਤੱਕੀ ਬੇਗ ਦੇ ਦਸਤੇ ਨਾਲ ਜੂਝੇ, ਕੁਝ ਚੇਲੇ (ਮੁਰੀਦ ਖ਼ਾਂ) ਨਾਲ ਲੜ ਕੇ ਸ਼ਹੀਦ ਹੋਏ। ਰਹਿੰਦੇ ਪੂਰਬੀਆਂ ਦੇ ਦਸਤਿਆਂ ਨਾਲ ਜੁਟੇ ਰਹੇ। ਆਖ਼ਰ ਇਕੀਆਂ ਦੀ ਗਿਣਤੀ ਕਦ ਤਕ ਨਿਭਦੀ ? ਇਕ ਇਕ ਕਰ ਕੇ ਪੁਰਜ਼ਾ ਪੁਰਜ਼ਾ ਹੋ ਗਏ। ਸੂਰਜ ਡੁਬਣ ਤੋਂ ਪਹਿਲਾਂ ਹੀ ਇਹ ੨੧ ਸੂਰਮੇ ਸ਼ਹਾਦਤ ਦਾ ਜਾਮ ਨੋਸ਼ ਕਰ ਗਏ। ਅਤੇ ਜੋ ਅਰਦਾਸ ਕਾਤੀ ਸੀ, ਤੋੜ ਨਿਭਾ ਦਿਤੀ।

ਪਰ ਅਜੇ ਇਕ ਬਾਕੀ ਸਿੰਘ ਖ਼ੂਨ ਨਾਲ ਲਤਪੱਤ ਹੋਇਆ ਵੈਰੀ ਨਾਲ ਲੋਹਾ ਲੈ ਰਿਹਾ ਸੀ। ਇਹ ਤਾਰਾ ਸਿੰਘ ਆਪ ਸੀ। ਇਸ ਦੀ ਸੂਰਬੀਰਤਾ ਵੇਖ ਕੇ ਦੁਸ਼ਮਣ ਵੀ ਅਸ਼ ਅਸ਼ ਕਰ ਉਠਿਆ। ਇਹ ਆਖ਼ਰੀ ਦਮ ਤਕ ਦੁਸ਼ਮਣ ਲਈ ਮੌਤ ਬਣਿਆ ਰਿਹਾ। ਅਜੇ ਦੋ ਘੜੀਆਂ ਸੂਰਜ ਰਹਿੰਦਾ ਸੀ ਜਦ ਇਹ ਵੀ ਸ਼ਹੀਦੀ ਪਾ ਗਿਆ ਤੇ ਜੰਗ ਸਮਾਪਤ ਹੋ ਗਈ।

ਤੁਰਕ ਸੈਨਾ ਦੇ ਤਿੰਨ ਸੌ ਤੋਂ ਵਧ ਆਦਮੀ ਖੇਤ ਰਹੇ। ਮੋਮਨ ਖਾਂ ਨੇ ਸਾਰਿਆਂ ਸਿੰਘਾਂ ਦੇ ਸੀਸ ਕੱਟ ਕੇ ਬੋਰਿਆਂ ਵਿਚ ਭਰ ਲਏ। ਤਾਰਾ ਸਿੰਘ ਦਾ ਸਿਰ ਇਕ ਅੱਡ ਬੋਰੇ ਵਿਚ ਪਾਇਆ ਗਿਆ। ਇਹ ਸਾਕਾ ਮਾਘ ਵਦੀ ਚਾਰ ਸੰਮਤ ੧੭੮੯ ਬਿਕ੍ਰਮੀ, ਮੁਤਾਬਕ ਦਸੰਬਰ ਸੰਨ ੧੭੩੨ ਈਸਵੀ ਦਾ ਹੈ। ਮੁਰਦਿਆਂ ਤੇ ਫਟੜਾਂ ਦੀ ਗਿਣਤੀ ਨੇ ਸ਼ਾਹੀ ਫੌਜ ਨੂੰ ਜਿਤ ਪਿਛੋਂ ਵੀ ਸੋਗਵਾਰ ਕਰ ਛਡਿਆ। ਇਹ ਰਾਤ, ਫੌਜ ਨੇ "ਵਾਂ" ਹੀ ਕੱਟੀ ਤੇ ਜ਼ਖਮੀਆਂ ਦੀ ਮਰ੍ਹਮ ਪੱਟੀ ਤੇ ਦੇਖ ਭਾਲ ਕੀਤੀ।

**ਲਾਹੌਰ ਨੂੰ ਵਾਪਸੀ :—**

ਅਗਲੇ ਦਿਨ ਆਪਣੇ ਮੁਰਦੇ ਦਬਾਉਣ ਦਾ ਪ੍ਰਬੰਧ ਕਰ ਕੇ ਮੋਮਨ ਖ਼ਾਂ ਜਿੱਤ ਦੇ ਡੰਕੇ ਵਜਾਉਂਦਾ ਹੋਇਆ ਲਾਹੌਰ ਪੁਜਾ ਤੇ ਸਿੰਘਾਂ ਦੇ ਸਿਰ ਜ਼ਕਰੀਆ ਖ਼ਾਂ ਸਾਮ੍ਹਣੇ ਜਾ ਪੇਸ਼ ਕੀਤੇ। ਇਹ ਸੂਰਤਾਂ ਵੇਖ ਕੇ ਹੈਰਾਨ ਸੀ ਕਿ



www.AKJ.Org

ਸ਼ਹੀਦ ਹੋਇਆਂ ਨੂੰ ਅੱਠ ਪਹਿਰ ਹੋ ਗਏ ਹਨ ਪਰ ਇਨ੍ਹਾਂ ਦਾ ਜਲਾਲ ਜਿਊਂਦਿਆਂ ਵਰਗਾ ਹੀ ਹੈ। ਤਾਰਾ ਸਿੰਘ ਦੇ ਸਿਰ ਨੂੰ ਚੁਕ ਕੇ, ਅੱਖਾਂ ਸਾਮ੍ਹਣੇ ਕਰ ਕੇ ਕਿੰਨਾ ਹੀ ਚਿਰ ਵੇਖੀ ਗਿਆ, ਜਿਵੇਂ ਕਿ ਤਾਰਾ ਸਿੰਘ ਦੇ ਸਚ ਮੁਚ ਮਾਰੇ ਜਾਣ ਦਾ ਯਕੀਨ ਨਹੀਂ ਸੀ ਆ ਰਿਹਾ। ਲੋਕਾਂ ਦੇ ਵੇਖਣ ਲਈ ਇਹ ਸਿਰ ਕਈ ਦਿਨ ਨਖਾਸ ਮੰਡੀ ਵਾਲੀ ਥਾਂ ਰਖਵਾ ਛੱਡੇ। ਸ਼ਹਿਰ ਦੀ ਸਿਖ ਵਸੋਂ ਵਿਚੋਂ ਕੁਝ ਸਿਆਣਿਆਂ ਆਦਮੀਆਂ ਨੇ ਇਨ੍ਹਾਂ ਸਿਰਾਂ ਦਾ ਸਸਕਾਰ ਕਰਨ ਲਈ ਸੂਬੇ ਪਾਸੋਂ ਸਿਰ ਮੰਗੇ। ਇਸ ਬੇਨਤੀ ਨੂੰ ਮਨਜ਼ੂਰ ਨਾ ਕੀਤਾ ਗਿਆ। ਸਿਰ ਉਸ ਅੰਨ੍ਹੇ ਖੂਹ ਵਿਚ ਸੁਟਵਾ ਦਿਤੇ ਗਏ, ਜੋ ਪਿਛੋਂ ਸ਼ਹੀਦ ਗੰਜ ਵਾਲਾ ਖੂਹ ਕਰ ਕੇ ਪ੍ਰਸਿਧ ਹੋਇਆ।

ਤਾਰਾ ਸਿੰਘ, ਵਸਾਵਾ ਸਿੰਘ ਤੇ ਕੋਇਰ ਸਿੰਘ ਤਿੰਨੇ "ਵਾਂ" ਨਗਰ ਦੇ ਸਨ। ਸ਼ਹਾਦਤ ਸਮੇਂ ਭਰ ਜਵਾਨ ੩੦ ਕੁ ਸਾਲ ਦੇ ਗੇੜ ਵਿਚ ਸਨ। ਤਿੰਨਾਂ ਨੇ ਵਿਆਹ ਨਹੀਂ ਕਰਾਏ ਸਨ, ਇਸ ਲਈ ਇਨ੍ਹਾਂ ਦੀ ਔਲਾਦ ਅਗੇ ਨਹੀਂ ਚਲੀ। "ਸ਼ਹੀਦਾਂ ਦੀ ਯਾਦਗਾਰ ਲਈ 'ਵਾਂ' ਪਿੰਡ ਦੀਆਂ ਔਰਤਾਂ ਅੱਜ ਤੀਕ ਹਨੇਰੇ ਪਖ ਦੀ ਥਈ ਰਖਦੀਆਂ ਹਨ।" ਨਵੀਂ ਸੂਈ ਮੱਝ ਗਾਂ ਦਾ ਦੁੱਧ ਪਹਿਲਾਂ ਸ਼ਹੀਦਾਂ ਦੇ ਚੜ੍ਹਾਇਆ ਜਾਂਦਾ ਹੈ, ਫਿਰ ਘਰ ਵਾਲੇ ਵਰਤਦੇ ਹਨ। ਇੰਜ ਹੀ ਹਰ ਫਸਲ ਦੇ ਬੋਹਲ ਵਿਚੋਂ ਕੁਝ ਹਿਸਾ ਪਹਿਲਾਂ ਸ਼ਹੀਦਾਂ ਦੇ ਚੜ੍ਹਾਵੇ ਨਮਿਤ ਕਢਿਆ ਜਾਂਦਾ ਹੈ। ਜਿਸ ਜਗ੍ਹਾ ਸਿੰਘ ਸ਼ਹੀਦ ਹੋਏ ਸਨ, ਉਥੇ ਸ਼ਹੀਦ ਗੰਜ ਬਣਿਆ ਹੋਇਆ ਹੈ ਤੇ ਸਾਰੀ ਜਗ੍ਹਾ ਦੇ ਦੁਆਲੇ ਨਿਕੀ ਇਟ ਦਾ ਕੋਟ ਵਲਿਆ ਹੋਇਆ ਹੈ। ਇਹ ਸਾਰਾ ਥਾਂ ਚਾਰ ਕੁ ਵਿਘੇ ਹੈ। ਇਸ ਦੀਵਾਰੋਂ ਅੰਦਰ ਸ਼ਹੀਦਾਂ ਦੇ ਸਤਿਕਾਰ ਵਜੋਂ ਕੋਈ ਮੰਜੇ ਉਤੇ ਨਾ ਬਹਿੰਦਾ ਹੈ ਨਾ ਸੌਂਦਾ ਹੈ। ਸਭ ਭੁੰਜੇ ਹੀ ਸੌਂਦੇ ਹਨ। ਇਸ ਦੇ ਚੜ੍ਹਦੇ ਪਾਸੇ ਢਾਬ ਅੱਜ ਵੀ ਮੌਜੂਦ ਹੈ, ਭਾਵੇਂ ਮੀਂਹਾਂ ਵਿਚ ਪਿੰਡ ਦਿਆਂ ਰੋੜ੍ਹਾਂ ਕਾਰਨ ਪਹਿਲਾਂ ਵਾਂਗ ਡੂੰਘੀ ਨਹੀਂ ਰਹਿ ਗਈ।

**ਕੁਝ ਸ਼ਹੀਦ ਗੰਜ ਬਾਰੇ** :—

"ਵਾਂ" ਨਗਰ ਦੇ ਭਾਈ ਦਲ ਸਿੰਘ ਹੋਏ ਹਨ, ਜੋ ਰੂਪੋ ਕੀ ਪੱਤੀ ਦੇ ਸਨ। ਇਹ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਕਾਫ਼ੀ ਦੇਰ ਤਕ ਰਹੇ ਤੇ ਉਥੋਂ ਵਿਦਿਆ ਪ੍ਰਾਪਤ ਕਰ ਕੇ ਆਏ। ਇਹ ਚੰਗੇ ਲਿਖਾਰੀ ਸਨ ਤੇ ਇਨ੍ਹਾਂ ਕਈ ਪੋਥੀਆਂ ਹਥੀਂ ਲਿਖੀਆਂ। ਇਨ੍ਹਾਂ ਇਕ ਦਸਮ ਗ੍ਰੰਥ ਵੀ ਹਥੀਂ ਲਿਖਿਆ ਸੀ, ਜੋ ੧੯੨੫ ਤਕ ਇਸ ਗੁਰਦਵਾਰਾ ਸਾਹਿਬ ਵਿਚ ਮੌਜੂਦ ਰਿਹਾ। ਪਿਛੋਂ ਇਕ ਬ੍ਰਾਹਮਣ ਸਿਖ ਗਿਰਧਾਰਾ ਸਿੰਘ, ਇਹ ਹੱਥ-ਲਿਖਤ ਦਸਮ ਗ੍ਰੰਥ ਤੇ ਭਾਈ ਦਲ ਸਿੰਘ ਦੀਆਂ ਹਥੀਂ ਲਿਖੀਆਂ ਕਈ ਪੋਥੀਆਂ ਵੀ ਚੁਕ ਕੇ ਲੈ ਗਿਆ। ਇਹ ਸਿੰਘ "ਵਾਂ" ਦਾ ਨਹੀਂ ਸੀ। ਦਸੀਦਾ ਹੈ ਕਿ ਕੁਝ ਚਿਰ ਹੋਇਆ ਇਹ ਚੜ੍ਹਾਈ ਕਰ ਗਿਆ ਹੈ। ਭਾਈ ਦਲ ਸਿੰਘ ਦੇ ਹਥਾਂ ਦੀ ਲਿਖੀ ਕੋਈ ਵੀ ਚੀਜ਼ ਐਸ ਵੇਲੇ ਗੁਰਦਵਾਰਾ ਸਾਹਿਬ ਵਿਖੇ ਮੌਜੂਦ ਨਹੀਂ ਹੈ। ਇਹ ਸ਼ਹੀਦ ਗੰਜ ਉਨ੍ਹਾਂ ਆਪ ਬਣਵਾਇਆ ਸੀ। ਸਾਰੀ ਇਮਾਰਤ ਨਿਕੀ ਇਟ ਦੀ ਬਣੀ ਹੋਈ ਹੈ। ਭਾਈ ਦਲ ਸਿੰਘ ਹੁਰਾਂ ਲੰਗਰ ਦੀ ਅਤੁਟ ਸੇਵਾ ਵੀ ਅਰੰਭ ਕੀਤੀ ਹੋਈ ਸੀ, ਜੋ ਪੂਰੀ ਸ਼ਾਨ ਨਾਲ ਚਲਦੀ ਰਹੀ ਹੈ। ਅੱਜ (੧੯੮੪-੮੫) ਲੰਗਰ ਦੀ ਸੇਵਾ ਦੀ ਪਹਿਲਾਂ ਵਾਲੀ ਸ਼ਾਨ ਨਹੀਂ ਰਹੀ। ਦੋਸ਼ ਪ੍ਰਬੰਧਕਾਂ ਦਾ ਹੈ। ਭਾਈ ਦਲ ਸਿੰਘ ਨੇ ਆਪਣੀ ਸਾਰੀ ਨਿਜੀ ਜ਼ਮੀਨ, ਜੋ ੪੫ ਕੁ ਏਕੜ ਹੈ, ਇਸ ਸ਼ਹੀਦ ਗੰਜ ਨੂੰ ਅਰਪਨ ਕਰ ਦਿਤੀ ਸੀ। ਇਹ ਤਿੰਨ ਭਰਾ ਸਨ। ਭਾਈ ਦਲ ਸਿੰਘ ਦੀ ਆਪਣੀ ਕੋਈ ਔਲਾਦ ਨਹੀਂ ਹੋਈ। ਦੂਜੇ ਦੋ ਭਰਾਵਾਂ ਦੀ ਔਲਾਦ ਚਲੀ ਹੈ। ਰੂਪੋ ਕੀ ਪਤੀ ਵਿਚੋਂ ਅੱਗੇ ਇਕ ਕੰਦੇ ਵਾਲੀ ਪੱਤੀ ਬਣੀ। ਇਸ ਵਿਚ ਇਨ੍ਹਾਂ ਦੋਹਾਂ ਭਰਾਵਾਂ ਦੀ ਔਲਾਦ ਵਸਦੀ ਹੈ। ਕਿਸ਼ਨ ਸਿੰਘ ਦਾ ਪੁਤਰ ਲਛਮਣ ਸਿੰਘ ਇਨ੍ਹਾਂ ਵਿਚੋਂ ਹੈ, ਜੋ ੯੫ ਸਾਲ ਤੋਂ ਉਤੇ ਉਮਰ ਦਾ ਹੈ।

ਭਾਈ ਰਾਜਾ ਸਿੰਘ ਤੋਂ ਪਿਛੋਂ ਇਨ੍ਹਾਂ ਦਾ ਸੱਕਾ ਭਾਈ ਭਾਗ ਸਿੰਘ, ਜੋ ਇਨ੍ਹਾਂ ਦਾ ਗੁਰ ਭਾਈ ਵੀ ਸੀ, ਮਹੰਤ ਬਣਿਆ। ਇਨ੍ਹਾਂ ਨਾਲ ਇਕ ਸੂਰਮਾ ਸਿੰਘ ਨਾਮੇ ਸਿੰਘ ਵੀ ਸੀ, ਜੋ ਇਨ੍ਹਾਂ ਦਾ ਸਹਾਇਕ ਸੀ। ਇਹ ਕਿਸ ਪਿੰਡ ਦਾ ਸੀ, ਕੋਈ ਪਤਾ ਨਹੀਂ ਲੱਗ ਸਕਿਆ। ਭਾਈ ਰਾਜਾ ਸਿੰਘ ਤੇ ਭਾਗ ਸਿੰਘ ਨੇ ਫੌਜੀ ਸਿੰਘਾਂ ਤੋਂ ਮਾਇਆ ਇਕੱਤਰ ਕਰ ਕੇ ਮੌਜੂਦਾ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ। ਇਹ ਸਾਰੀ ਰਕਮ ੧੨੫੦/—ਰੁਪਏ ਸਨ। ਨਿਸ਼ਾਨ ਸਾਹਿਬ ਦੇ ਚਬੂਤਰੇ ਉਤੇ ਸੇਵਾ ਦੀ ਤਰੀਕ ੧੦ ਵਸਾਖ ਸੰਮਤ ੧੯੬੪ ਮੁਤਾਬਕ ਅਪ੍ਰੈਲ ੧੯੦੭ ਈਸਵੀ



www.AKJ.Org

ਲਿਖਿਆ ਹੋਇਆ ਹੈ। ਭਾਈ ਦਲ ਸਿੰਘ, ਭਾਈ ਰਾਜਾ ਸਿੰਘ, ਭਾਈ ਭਾਗ ਸਿੰਘ ਦੀਆਂ ਨਿਕੀਆਂ ਨਿਕੀਆਂ ਸਮਾਧੀਆਂ ਅੰਦਰ ਬਣੀਆਂ ਹੋਈਆਂ ਹਨ। ਬਾਹਰਲੇ ਵੱਡੇ ਦਰਵਾਜ਼ੇ ਦੀ ਸੇਵਾ ਸ: ਦਿਆਲ ਸਿੰਘ ਲਲਿਆਣੀ ਵਾਲੇ ਨੇ ਸੰਮਤ ੧੯੭੪ ਬਿਕ੍ਰਮੀ ਵਿਚ ਕਰਵਾਈ ਸੀ।

ਭਾਈ ਭਾਗ ਸਿੰਘ ਤੋਂ ਮਗਰੋਂ ਭਾਈ ਬਸੰਤ ਸਿੰਘ ਮਹੰਤ ਬਣੇ । ੧੯੨੯ ਈਸਵੀ ਵਿਚ ਪ੍ਰਬੰਧ ਸ਼੍ਰੋਮਣੀ ਕਮੇਟੀ ਪਾਸ ਚਲਾ ਗਿਆ। ਬਸੰਤ ਸਿੰਘ ਦੇ ਦੋ ਚੇਲੇ ਸਨ: ਸੂਰਤਾ ਸਿੰਘ ਅਤੇ ਗਿਰਧਾਰਾ ਸਿੰਘ। ਇਹੋ ਗਿਰਧਾਰਾ ਸਿੰਘ ਸਭ ਹਥ-ਲਿਖਤਾਂ ਚੁਕ ਕੇ ਲੈ ਗਿਆ ਹੈ। ਸੂਰਤਾ ਸਿੰਘ ਅਜੇ ਜ਼ਿੰਦਾ ਹੈ ਤੇ ਖਾਲੜੇ ਰਹਿੰਦਾ ਹੈ। ਬਸੰਤ ਸਿੰਘ ਤੋਂ ਪਿਛੋਂ ਕ੍ਰਮਵਾਰ ਦਲੀਪ ਸਿੰਘ, ਹਜ਼ਾਰਾ ਸਿਘ ਰੋੜਾ ਪ੍ਰਬੰਧਕ ਬਣੇ। ਹਜ਼ਾਰਾ ਸਿੰਘ ਰੋੜਾ ਕਤਲ ਹੋ ਗਿਆ। ਫਿਰ ਕਮੇਟੀ ਨੇ ਸੇਵਾ ਬਾਬਾ ਖੜਕ ਸਿੰਘ ਪਾਸ ਦੇ ਦਿਤੀ। ਉਨ੍ਹਾਂ ਪਹਿਲਾਂ ਚਰਨ ਸਿੰਘ, ਜੋ ਹੁਣ ਬਾਬਾ ਸੁਖਾ ਸਿੰਘ ਮਾੜੀ ਕੰਬੋਕੀ ਦੀ ਯਾਦਗਾਰ ਬਣਵਾ ਰਿਹਾ ਹੈ, ਨੂੰ ਸੇਵਾ ਦਿਤੀ। ਫਿਰ ਮੇਜਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਉਤੇ ਫ਼ੌਜੀ ਹਮਲੇ ਪਿਛੋਂ ਫੜ ਲਿਆ ਗਿਆ ਹੈ ਅਤੇ ਅਜੇ ਵੀ ਇਹ ਜੇਲ੍ਹ ਵਿਚ ਹਨ।

ਨੋਟ:- ਗੁਰਦਵਾਰਾ ਸਾਹਿਬ ਦੇ ਨਾਂ ਕੁਲ ੬੫ ਕਿਲੇ ਜ਼ਮੀਨ ਹੈ। ਬਾਕੀ ਦੀ ਜ਼ਮੀਨ ਚੱਕ ਬਾਂਭਾ ਪਿੰਡ ਨੇ, ਕੋਈ ਜ਼ਮੀਨੀ ਝਗੜਾ ਖਤਮ ਕਰਨ ਲਈ ਗੁਰਦਵਾਰਾ ਸਾਹਿਬ ਨੂੰ ਦੇ ਦਿਤੀ ਸੀ। (ਸਮਾਪਤ)

## ਫੁਟ ਨੋਟ ਤੇ ਹਵਾਲੇ ਕਿਸ਼ਤ ਨੰ: ੭

**ਕਰਬਾਠ** : ਇਹ ਪਿੰਡ ਜਾਮ੍ਹਣ ਤੇ "ਵਾਂ" ਦੇ ਲਾਗੇ ਹੀ ਹੈ। ਇਸ ਦਾ ਥਾਣਾ ਬਰਕੀ ਤੇ ਜ਼ਿਲਾ ਲਾਹੌਰ ਹੈ ਤੇ ਹੁਣ ਪਾਕਿਸਤਾਨ ਵਿਚ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਵਿਚ ਬਾਠ ਗੋਤ੍ਰ ਦੇ ਜੱਟ ਵਸਦੇ ਸਨ। 'ਕੁਰਬਾਨ' ਨਾਂ ਦਾ ਕੋਈ ਪਿੰਡ ਨਹੀਂ ਹੈ। ਪਾਠਕਾਂ ਦੀ ਜਾਣਕਾਰੀ ਤੇ ਦਿਲਚਸਪੀ ਲਈ ਲਿਖਿਆ ਜਾਂਦਾ ਹੈ ਕਿ ਭਾਈ ਤਾਰਾ ਸਿੰਘ ਜੀ "ਵਾਂ" ਬਾਰੇ ਪ੍ਰਾਚੀਨ ਪੰਥ ਪ੍ਰਕਾਸ਼ (ਕ੍ਰਿਤ ਰਤਨ ਸਿੰਘ ਭੰਗੂ), ਗਿਆਨੀ ਦਿੱਤ ਸਿੰਘ ਰਚਨਾਵਲੀ ਸ਼ਹੀਦੀਆਂ, ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਤ ਪੰਥ ਪ੍ਰਕਾਸ਼ ਲਿਖਤ ਗਿ: ਗਿਆਨ ਸਿੰਘ ਤੇ ਸ: ਕਰਮ ਸਿੰਘ ਜੀ ਹਿਸਟੋਰੀਅਨ ਦੀ "ਇਤਿਹਾਸਕ ਖੋਜ" ਵਿਚ ਬੜਾ ਸੋਹਣਾ ਵੇਰਵਾ ਮਿਲਦਾ ਹੈ । ਸ: ਰਤਨ ਸਿੰਘ ਭੰਗੂ ਨੇ ਸਭ ਤੋਂ ਪਹਿਲਾਂ ਇਸ ਸਾਕੇ ਦਾ ਜ਼ਿਕਰ ਕੀਤਾ ਹੈ ਤੇ ਕਰਬਾਠ ਪਿੰਡ ਦੇ ਦੋ ਸਿੰਘਾਂ, ਜੋ ਕੱਲਰ ਲੈਣ ਆਏ ਸਨ, ਦਾ ਵੇਰਵਾ ਇੰਜ ਦਿਤਾ ਹੈ : ਚੌਪਈ:—ਦੋਇ ਹੁਤੇ ਕਰਬਾਠਾਂ ਕੇ ਕਰਬਾਠ। ਸੋ ਲੈਣ ਸ਼ਹੀਦੀ ਕਰ ਆਏ ਠਾਠ॥ ... ਸਭੇ ਸਿੰਘ ਰਲ ਬਾਈ ਭਏ। ਕਿਛੁ ਅਗਲੇ ਕਿਛ ਮਗਰੋਂ ਅਏ ॥" ਸਫ ੧੯੨- ਚੌਥੀ ਐਡੀਸ਼ਨ ਸੰਪਾਦਿਤ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ।

ਪਿਛੋਂ ਜਦ ਸ: ਕਰਮ ਸਿੰਘ ਜੀ ਦਾ ਇਹ ਲੇਖ ਫੁਲਵਾੜੀ ਵਿਚ ਛਪਿਆ ਤਾਂ ਉਸ ਵਿਚ ਵੀ ਪਿੰਡ ਦਾ ਨਾਂ ਕਰਬਾਠ ਹੀ ਛਪਿਆ। ਪਰ ਜਦੋਂ ਉਨ੍ਹਾਂ ਦੀ "ਇਤਿਹਾਸਕ ਖੋਜ" ਸੰਪਾਦਿਤ ਗਿਆਨੀ ਹੀਰਾ ਸਿੰਘ ਦਰਦ, ਸਿਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਲੋਂ ਛਾਪੀ ਗਈ ਤਾਂ ਇਸ ਦੇ ੨੦੫, ੨੦੬ ਸਫਾ ਉਤੇ ਛਾਪੇ ਦੀ ਗਲਤੀ ਕਾਰਨ 'ਕੁਰਬਾਨ' ਛਪ ਗਿਆ, ਜਿਸ ਦੀ ਕੋਈ ਨਾਲ ਲਗਵੀਂ ਸੋਧ ਨਾ ਛਾਪੀ ਗਈ। ਇਸ ਦੀਆਂ ਹੋਰ ਐਡੀਸ਼ਨਾਂ ਵਿਚ ਫਿਰ ਇਹੋ ਗਲਤੀ ਦੁਹਰਾਈ ਗਈ।

ਇਹ ਮਿਸ-ਪ੍ਰਿੰਟ (ਛਾਪੇ ਦੀ ਗ਼ਲਤੀ) ਵਾਲਾ ਕੰਮ ਅਜੇ ਵੀ ਚਾਲੂ ਹੈ। ਅਸਲ ਵਿਚ ਕਰਬਾਠ ਹੈ, ਪਰ ਪਰੂਫ਼-ਰੀਡਰ ਦੀ ਅਣਗਹਿਲੀ ਨਾਲ ਕੁਰਬਾਨ ਬਣ ਗਿਆ ਹੈ।

ਸ: ਕਰਮ ਸਿੰਘ ਦੀ ਕ੍ਰਿਤ ਨੂੰ ਆਧਾਰ ਬਣਾ ਕੇ ਜਿਨ੍ਹਾਂ ਵੀ ਸਜਣਾਂ ਨੇ ਇਸ ਵਿਸ਼ੇ ਤੇ ਲਿਖਣਾ ਅਰੰਭ ਕੀਤਾ, ਬਗੈਰ ਕਿਸੇ ਪੜਤਾਲ ਦੇ ਮੱਖੀ ਤੇ ਮੱਖੀ ਮਾਰੀ ਗਏ ਹਨ। ਕਿਸੇ ਨੇ ਖੇਚਲ ਨਹੀਂ ਕੀਤੀ ਕਿ ਇਸ ਛੋਟੀ ਜਿਹੀ ਗ਼ਲਤੀ ਨੂੰ ਸੋਧਿਆ ਜਾਵੇ, ਜੋ ਪਾਠਕ ਨੂੰ ਕਿਤੇ ਦੀ ਕਿਤੇ ਲਿਜਾ ਸਕਦੀ ਹੈ। ਜੇ ਕੋਈ ਦਿਲਚਸਪੀ



www.AKJ.Org

ਰਖਣ ਵਾਲਾ ਸੂਝਵਾਨ ਪਾਠਕ ਨਕਸ਼ਾ ਲੈ ਕੇ ਇਨ੍ਹਾਂ ੨੨ ਸ਼ਹੀਦਾਂ ਦੇ ਪਿੰਡਾਂ ਨੂੰ ਪੜਤਾਲਣ ਲਗ ਪਵੇ ਤਾਂ ਇਹ ਅਖੋਤੀ ਕੁਰਬਾਨ ਪਿੰਡ ਕਿਥੋਂ ਲਭੇਗਾ ਤੇ ਕਿਸ ਸਿੱਟੇ ਤੇ ਪੁਜੇਗਾ ? ਪ੍ਰਿੰ: ਸਤਬੀਰ ਜੀ ਕ੍ਰਿਤ 'ਸਾਡਾ ਇਤਿਹਾਸ' ਵਿਚ ਵੀ ਇਹੋ ਗ਼ਲਤੀ ਪਾਈ ਜਾਂਦੀ ਹੈ। ਮਾਸਕ ਪੱਤਰ "ਸੀਸ ਗੰਜ" (ਮਾਰਚ ੧੯੮੫) ਚਾਂਦਨੀ ਚੌਕ ਦਿੱਲੀ ਵਿਚ 'ਸ਼ਹੀਦ ਭਾਈ ਤਾਰਾ ਸਿੰਘ ਵਾਂ' ਦੇ ਸਿਰਲੇਖ ਥਲੇ ਪ੍ਰੋ: ਭਗਤ ਸਿੰਘ "ਹੀਰਾ" ਜੀ ਵਲੋਂ ੧੧ ਕੁ ਸਫਿਆਂ ਦਾ ਲੇਖ, ਜੋ ਉਂਜ ਸ: ਕਰਮ ਸਿੰਘ ਦੇ ਲੇਖ ਦਾ ਸੰਪਾਦਿਤ ਰੂਪ ਹੀ ਦਿਤਾ ਹੈ, ਛਪਿਆ ਹੈ ਤੇ ਇਸ ਵਿਚ ਵੀ ਇਨ ਬਿਨ ਉਹੋ ਗ਼ਲਤੀ ਦੁਹਰਾਈ ਗਈ ਹੈ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਸਜਣਾਂ, ਜਿਨ੍ਹਾਂ ਦੀ ਲਿਸਟ ਕਾਫ਼ੀ ਲੰਬੀ ਹੈ, ਦੇ ਲੇਖ ਪੜ੍ਹਨ ਦਾ ਅਵਸਰ ਮਿਲਿਆ ਹੈ, ਤੇ ਬਾਰ ਬਾਰ ਇਸੇ ਭੁਲ ਨੂੰ ਦੁਹਰਾਇਆ ਹੈ। ਇਸ ਤੋਂ ਭਲੀ ਭਾਂਤ ਸਿੱਟਾ ਇਹ ਨਿਕਲਦਾ ਹੈ ਕਿ ਇਕ ਸਹਿਵਨ ਹੋਈ ਭੁਲ ਚੱਟਾਨ ਵਾਂਗ ਪੱਕੇ ਪੈਰੀਂ ਅਹਿਲ ਖਲੋ ਗਈ ਹੈ। ਸਾਨੂੰ ਬਣਦਾ ਹੈ ਕਿ ਇਸ ਨੂੰ ਸਦੀਵੀ ਤੌਰ ਤੇ ਪਾਠਕਾਂ ਦੇ ਰਾਹ ਚੋਂ ਪਾਸੇ ਹਟਾ ਦੇਈਏ।

ਉਪਰੋਕਤ ਸਤਰਾਂ ਲਿਖਣ ਤੋਂ ਦਾਸ ਦਾ ਮਨੋਰਥ ਕਿਸੇ ਨੂੰ ਛੁਟਿਆਉਣ ਜਾਂ ਆਪਣੀ ਵਿਦਵਤਾ ਦਰਸਾਉਣ ਦਾ ਬਿਲਕੁਲ ਨਹੀਂ। ਕਦਾਚਿਤ ਐਸੀ ਗੱਲ ਨਹੀਂ ਹੈ। ਮੇਰੀ ਬੇਨਤੀ ਸਿਰਫ ਏਨੀ ਹੈ ਕਿ ਪਾਠਕਾਂ ਦੇ ਸਾਮ੍ਹਣੇ ਜੋ ਇਤਿਹਾਸਕ ਵਸਤ-ਪਦਾਰਥ ਆਵੇ, ਜਤਨ ਕੀਤਾ ਜਾਵੇ ਕਿ ਉਹ ਸ਼ੁਧ ਤੇ ਸਾਫ਼ ਹੋਵੇ ਤੇ ਉਸ ਵਿਚ ਕਿਸੇ ਸ਼ੱਕ ਸੁਭੇ ਦੀ ਗੁੰਜਾਇਸ਼ ਨਾ ਰਹਿ ਜਾਵੇ।

ਸਾਡੇ ਇਤਿਹਾਸ ਦਾ ਸਾਡੇ ਹਾਰਦਿਕ ਵੈਰੀਆਂ ਅਤੇ ਅਖੋਤੀ ਹਮਦਰਦਾਂ ਪਹਿਲਾਂ ਹੀ ਬਥੇਰਾ ਨਾਸ ਮਾਰਿਆ ਹੋਇਆ ਹੈ ! ਜੇ ਅਸੀਂ ਆਪ ਵੀ ਇਸੇ ਰਾਹੇ ਤੁਰ ਪਏ ਤਾਂ ਜਿਵੇਂ ਰਮਾਇਣ ਵਾਲੀ ਲੰਕਾ ਦਾ ਵਜੂਦ ਕਿਤੇ ਨਹੀਂ ਮਿਲਦਾ ਉਂਜ ਹੀ ਕੁਰਬਾਨ ਪਿੰਡ ਦਾ ਕਿਤੇ ਨਹੀਂ ਮਿਲਣਾ। ਭਾਵ, ਅਸਾਂ ਇਕ ਹਕੀਕਤ ਨੂੰ ਮਿਥਿਹਾਸ ਬਣਾ ਕੇ ਰਖ ਦਿਤਾ। ਹਥੀਂ ਵਿਗਾੜੇ ਦਾ ਕਿਸੇ ਨੂੰ ਕੀ ਦੋਸ਼ !

**ਇਕ ਜ਼ਰੂਰੀ ਬੇਨਤੀ :–**

ਕਰਬਾਠੀਏ ਸ਼ਹੀਦ ਭਰਾਵਾਂ ਦੇ ਪਵਿੱਤਰ ਨਾਮ ਲੱਭਣ ਲਈ ਦਾਸ ਨੇ ਪੂਰਾ ਪੂਰਾ ਜਤਨ ਕੀਤਾ ਹੈ। ੧੯੪੭ ਵਿਚ ਹੋਈ ਵੰਡ ਸਮੇਂ ਇਹ ਬਾਠ ਜੱਟ ਉੱਜੜ ਕੇ ਪੂਰਬੀ ਪੰਜਾਬ ਵਿਚ ਆ ਗਏ। ਇਨ੍ਹਾਂ ਨੂੰ ਕਈ ਥਾਵਾਂ ਤੇ ਜ਼ਮੀਨ ਅਲਾਟ ਹੋਈ। ਵਸੋਂ ਦਾ ਵੱਡਾ ਹਿੱਸਾ ਹਰੀਕੇ ਬੈਰਜ ਲਾਗੇ ਪਿੰਡ "ਬੂਹ" ਵਿਖੇ ਵਸਿਆ ਹੋਇਆ ਹੈ। ਇਨ੍ਹਾਂ ਵਿਚੋਂ ਕਈ ਸਿਆਣੇ ਸਿਆਣੇ ਸਿੰਘਾਂ ਨੂੰ ਮਿਲ ਕੇ ਪੁਛਿਆ ਹੈ, ਪਰ ਕਿਸੇ ਨੇ ਕੋਈ ਥਹੁ-ਪਤਾ ਨਹੀਂ ਦਿਤਾ। ਕਾਸ਼ ! ਇਨ੍ਹਾਂ ਦੋ ਧਰਮੀ ਬੀਰਾਂ ਦੇ ਪਵਿੱਤਰ ਨਾਵਾਂ ਦਾ ਵੀ ਸਾਨੂੰ ਪਤਾ ਹੁੰਦਾ ! ਇਸ ਸੰਬੰਧੀ ਜੇ ਕੋਈ ਸਿਖ ਇਤਿਹਾਸ ਦਾ ਪ੍ਰੇਮੀ ਪ੍ਰਮਾਣਤ ਜਾਣਕਾਰੀ ਰਖਦਾ ਹੋਵੇ ਤਾਂ ਉਹ ਜ਼ਰੂਰ ਸਿਖ ਜਗਤ ਨਾਲ ਸਾਂਝੀ ਕਰਨ ਦਾ ਉਪਕਾਰ ਕਰੇ। ਇਹ ਅਤੀ ਜ਼ਰੂਰੀ ਹੈ।

—ਸਵਰਨ ਸਿੰਘ

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੦੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ ? | ੧-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਵਾਹਿਗੁਰੂ ਸ਼ਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੬੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੬੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੨੩-ਜੀ, ਸਰਾਭਾ ਨਗਰ, ਲੁਧਿਆਣਾ**


www.AKJ.Org

# ਜੇ ਜੀਵੈ ਪਤਿ ਲਥੀ ਜਾਇ

ਗਾਂਧੀ ਨਗਰ, ਦਿਲੀ, ੩-੧੧-੮੪ [ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਵਦਾਨ ਜਿਹੇ ਬਜਰ ਤੇ ਵਜ਼ਨੀ ਹੱਥਾਂ ਦੇ ਵਜਦੇ ਤਾੜ ਤਾੜ ਥਪੜਾਂ ਦੀਆਂ ਪੀੜਾਂ ਨਾਲ ਅਧਮੋਇਆ ਬਾਲਕ ਪਿਤਾ ਦੇ ਪੈਰੀਂ ਪੈ ਕੇ ਡਡਿਆਂਦਾ, ਮਾਫੀਆਂ ਮੰਗਦਾ, ਹਾੜ੍ਹੇ ਕੱਢਦਾ, ਮੱਥਾ ਰਗੜਦਾ 'ਬਖਸ਼ ਦਿਉ ਪਿਤਾ ਜੀ, ਹੁਣ ਹੋਰ ਨਾ ਮਾਰੋ, ਮੈਂ ਮੁੜ ਕੇ ਇਹੋ ਜਿਹੀ ਬੇਅਦਬੀ ਨਹੀਂ ਕਰਾਂਗਾ, ਹੁਣ ਮੈਨੂੰ ਖਿਮਾ ਕਰ ਦਿਉ, ਬਖਸ਼ ਦਿਉ' ਦੀਆਂ ਦੁਹਾਈਆਂ ਦੇ ਰਿਹਾ ਸੀ, ਪਰ ਪਿਤਾ ਜੀ ਦੇ ਸਿਰ ਤੇ ਚੰਡਾਲ ਸਵਾਰ ਸੀ ਤੇ ਚੇਹਰਾ ਗੁੱਸੇ ਨਾਲ ਸੁਰਖ ਤੇ ਅੱਖਾਂ ਤੋਂ ਅੰਗਿਆਰੇ ਬਰਸ ਰਹੇ ਸਨ। ਉਹ ਦੈਂਤ ਉਸ ਮਾਸੂਮ ਬਾਲਕ ਦੇ ਮੂੰਹ ਤੇ ਮੁਤਵਾਤਰ ਥਪੜਾਂ ਦੀ ਬੁਛਾੜ ਕਰ ਰਿਹਾ ਸੀ। ਬਚੇ ਦੀਆਂ ਨਾਜ਼ਕ ਗਲ੍ਹਾਂ ਪਹਿਲਾਂ ਲਾਲ ਸੁਰਖ, ਫਿਰ ਲਹੂ ਲੁਹਾਣ ਤੇ ਆਖਰ ਬਹੁਤਾ ਖੂਨ ਵਗ ਜਾਣ ਕਰਕੇ ਸੁੱਜ ਕੇ ਨੀਲੀਆਂ ਪੈ ਗਈਆਂ ਤੇ ਉਹ ਨਿਢਾਲ ਤੇ ਬੇਹਾਲ ਬੱਚਾ ਇਹ ਜਾਨ ਲੇਵਾ ਮਾਰ ਨਾ ਸਹਾਰਦਾ ਹੋਇਆ ਬੇਸੁਰਤ ਹੋ ਕੇ ਜ਼ਮੀਨ ਤੇ ਢਹਿ ਕੇ ਢੇਰੀ ਹੋ ਗਿਆ। ਪਿਤਾ ਨੇ ਉਸਦੀ ਸੰਭਾਲ ਤੇ ਕੀ ਕਰਨੀ ਸੀ, ਉਲਟਾ ਬੇਸੁਰਤ ਪਏ ਪੁੱਤਰ ਨੂੰ ਬੂਟਾਂ ਦੇ ਦੋ ਚਾਰ ਠੁੱਡੇ ਮਾਰ ਕੇ ਬਕਦਾ ਝਕਦਾ ਹੋਇਆ ਘਰ ਚਲਾ ਗਿਆ।

ਇਹ ਦਰਦਨਾਕ ਘਟਨਾ ਦਿਲੀ ਦੀ ਨਵੀਨ ਬਸਤੀ ਗਾਂਧੀ ਨਗਰ ਦੇ ਗੁਰਦਵਾਰੇ ਦੇ ਬਾਹਰ ਅੱਜ ਤੋਂ ਅਠਾਰਾਂ ਕੁ ਸਾਲ ਪਹਿਲਾਂ ਘਟੀ ਸੀ। ਇਸ ਵਿਚ ਇਕ ਭੋਲੇ ਭਾਲੇ ਅੱਠ ਕੁ ਸਾਲ ਦੇ ਬਚੇ ਦੀ ਛੋਟੀ ਜਿਹੀ ਗਲਤੀ ਦੀ ਬੜੀ ਵੱਡੀ ਸਜ਼ਾ ਪਿਤਾ ਵਲੋਂ ਮਿਲੀ। ਉਹ ਬਚਾ ਸਵੇਰੇ ਘਰੋਂ ਬੜੀ ਸ਼ਰਧਾ ਨਾਲ ਗੁਰਦਵਾਰੇ ਬਾਬੇ ਦੀ ਹਾਜ਼ਰੀ ਭਰਨ ਆਇਆ, ਪਰ ਉਸ ਤੋਂ ਅਣਜਾਨ-ਪੁਣੇ ਵਿਚ ਗੁਰੂ ਬਾਬੇ ਨੂੰ ਮੱਥਾ ਟੇਕਣ ਸਮੇਂ ਸਿਰ ਤੋਂ ਬੱਧਾ ਰੁਮਾਲ ਲਹਿ ਜਾਣ ਤੇ ਸਿਰ ਨੰਗਾ ਹੋ ਜਾਣ ਦੀ ਬੇਅਦਬੀ ਦੇ ਨਾਲ ਨਾਲ ਪੈਰਾਂ ਤੋਂ ਜੁਰਾਬਾਂ ਲਾਹ ਕੇ ਠੰਡੇ ਪਾਣੀ ਦੇ ਹੋਜ਼ ਵਿਚੋਂ ਪੈਰ ਸਾਫ਼ ਨਾ ਕਰਨ ਦੀ ਕੁਤਾਹੀ ਵੀ ਹੋ ਗਈ। ਬਸ ਫਿਰ ਕੀ ਸੀ, ਦੀਵਾਨ ਵਿਚ ਸਜੇ ਦੇਖ ਰਹੇ ਪਿਤਾ ਜੀ ਨੇ ਇਹਨਾਂ ਦੋਹਾਂ ਗੁਸਤਾਖੀਆਂ ਦੀ ਪੁੱਤਰ ਨੂੰ ਪੂਰੀ ਪੂਰੀ ਸਜ਼ਾ ਦੇ ਕੇ ਲਹੂ ਲੁਹਾਣ ਕਰ ਦਿਤਾ।

ਪਿਉ ਪੁੱਤਰ ਦਾ ਜ਼ਾਤੀ ਮੁਆਮਲਾ ਸਮਝ ਕੇ ਸੰਗਤਾਂ ਵਿਚੋਂ ਕਿਸੇ ਨੇ ਵੀ ਇਸ ਮਾਮਲੇ ਵਿਚ ਦਖਲ ਦੇਣ ਦੀ ਕੋਸ਼ਿਸ਼ ਨਾ ਕੀਤੀ, ਪਰ ਉਸ ਮਜ਼ਲੂਮ ਬੱਚੇ ਲਈ ਉਹਨਾਂ ਦੇ ਮਨਾਂ ਵਿਚ ਅੰਤਾਂ ਦਾ ਤਰਸ ਤੇ ਉਸ ਜ਼ਾਲਿਮ ਪਿਤਾ ਲਈ ਅੰਤਾਂ ਦੇ ਗੁੱਸੇ ਦਾ ਜਜ਼ਬਾ ਭਰ ਗਿਆ।

ਪਿਤਾ ਦੇ ਚਲੇ ਜਾਣ ਉਪਰੰਤ ਉਹਨਾਂ ਨੇ ਬਚੇ ਦੀ ਸੇਵਾ ਸੰਭਾਲ ਤੇ ਜ਼ਰੂਰੀ ਡਾਕਟਰੀ ਸਹਾਇਤਾ ਨਾਲ ਬਚੇ ਨੂੰ ਹੋਸ਼ ਵਿਚ ਲਿਆਂਦਾ ਤੇ ਉਸਦੇ ਘਰ ਲਿਜਾ ਕੇ ਉਸਦੀ ਮਾਤਾ ਜੀ ਦੇ ਹਵਾਲੇ ਕਰ ਦਿਤਾ। ਬਚੇ ਨੂੰ ਘਰ ਲੈ ਕੇ ਆਏ ਸੱਜਣਾ ਦਾ ਪਿਤਾ ਨੇ ਬਹੁਤ ਮਾਣ ਤੇ ਸਤਿਕਾਰ ਕੀਤਾ, ਪਰ ਜ਼ਖਮੀ ਪੁੱਤਰ ਵੱਲ ਤਕਣਾ ਵੀ ਗੁਆਰਾ ਨਾ ਕੀਤਾ ਤੇ ਨਾ ਹੀ ਕੋਈ ਹੌਸਲਾ ਯਾ ਦਿਲਾਸਾ ਦਿਤਾ।

ਸ: ਸੇਵਕ ਸਿੰਘ ਨੂੰ ਗੁਰੂ ਘਰ ਦੀ ਮਰਿਆਦਾ ਤੇ ਪਵਿੱਤਰਤਾ ਆਪਣੇ ਪਰਾਣਾਂ ਤੋਂ ਵੀ ਵੱਧ ਪਿਆਰੀ ਸੀ, ਉਸ ਸਿਦਕਵਾਨ ਸੂਰਮੇ ਨੇ ਗੁਰੂ ਘਰ ਦੀ ਉਚਤਾ ਤੇ ਸੁਚਤਾ ਕਾਇਮ ਰਖਣਾ ਹੀ ਆਪਣੇ ਜੀਵਨ ਦਾ ਉਦੇਸ਼ ਬਣਾਇਆ ਹੋਇਆ ਸੀ ਤੇ ਉਹ ਕਿਸੇ ਵਡੇ ਧਨੀ, ਕੁਬੇਰ, ਸਰਕਾਰੀ ਤੇ ਗੈਰ ਸਰਕਾਰੀ ਉੱਚ ਅਫਸਰਾਂ ਤੇ ਪੰਥ ਦੇ ਮੰਨੇ ਪ੍ਰਮੰਨੇ ਧਾਰਮਕ ਲੀਡਰਾਂ ਤੇ ਪਰਬੰਧਕਾਂ ਦੀ ਕਿਸੇ ਕਿਸਮ ਦੀ ਕਮਜ਼ੋਰੀ ਯਾ ਅਣਗਹਿਲੀ ਦੇਖ ਕੇ ਆਪੇ ਤੋਂ ਬਾਹਰ ਹੋ ਜਾਂਦਾ ਤੇ ਉਨ੍ਹਾਂ ਦੀ ਚੰਗੀ ਤਰ੍ਹਾਂ ਝਾੜ ਝਪਟ ਕਰਕੇ ਹੀ ਸੰਤੁਸ਼ਟ ਹੁੰਦਾ ਸੀ, ਉਹ ਸਿਖੀ ਮਰਿਆਦਾ ਦੀ ਸਲਾਮਤੀ ਲਈ ਆਪਣੀ ਤੇ ਆਪਣੇ ਸਰਬੰਸ ਦੀ ਵੀ ਸਲਾਮਤੀ ਖਤਰੇ ਵਿਚ ਪਾਉਣ ਦੀ ਦਲੇਰੀ ਰਖਦਾ ਸੀ।

ਵਕਤ ਬੀਤਦਾ ਗਿਆ, ਦਿਨ ਹਫਤੇ, ਹਫਤੇ ਮਹੀਨੇ, ਤੇ ਮਹੀਨੇ ਵਰ੍ਹਿਆਂ ਵਿਚ ਤਬਦੀਲ ਹੁੰਦੇ ਰਹੇ, ਤੇ ਇਸ ਘਟਨਾ ਬੀਤੀ ਨੂੰ ਲਗ ਪਗ ਅਠਾਰਾਂ ਕੁ ਸਾਲ ਹੋ ਗਏ। ਉਹ ਅੱਠ ਕੁ ਸਾਲਾਂ ਦਾ ਬਾਲਕ ਧਰਮ ਸਿੰਘ ਹੁਣ ਚੜ੍ਹਦੀ ਜਵਾਨੀ ਤੇ ਸ: ਸੇਵਕ ਸਿੰਘ ਲਹਿੰਦੇ ਬੁਢਾਪੇ ਦੀ ਸਰਦਲ ਤੇ ਪੈਰ ਰਖ ਰਹੇ ਸਨ। ਨੌਜਵਾਨ ਸਿਰਫ ਨਾਮ



www.AKJ.Org

ਦਾ ਹੀ ਧਰਮ ਸਿੰਘ ਨਹੀਂ ਸੀ, ਬਲਕਿ ਉਸਦੀਆਂ ਧਾਰਮਕ ਰੁਚੀਆਂ ਤੇ ਭਾਵਨਾਵਾਂ ਵੀ ਬਹੁਤ ਜਵਾਨ ਤੇ ਬਲਵਾਨ ਹੋ ਚੁਕੀਆਂ ਸਨ। ਉਹ ਆਪਣੇ ਪਿਤਾ ਜੀ ਤੋਂ ਕਿਤੇ ਵੱਧ ਗੁਰੂ ਘਰ ਤੇ ਖਾਲਸਈ ਆਨ ਤੋਂ ਜਾਨ ਨਿਛਾਵਰ ਕਰ ਦੇਣ ਵਾਲਾ ਸੱਚਾ ਸੇਵਕ ਪ੍ਰਸਿੱਧ ਹੋ ਚੁੱਕਾ ਸੀ। ਉਸ ਦੀ ਕੌਮ ਲਈ ਸੇਵਾ ਦੀ ਲਗਨ ਆਪਣੇ ਸਿਖਰ ਤੇ ਪੁੱਜ ਚੁੱਕੀ ਸੀ ਤੇ ਉਸਦਾ ਰੋਮ ਰੋਮ ਖਾਲਸਾ ਪੰਥ ਦੀ ਉੱਨਤੀ ਤੇ ਚੜ੍ਹਦੀ ਕਲਾ ਲਈ ਪੁਕਾਰ ਪੁਕਾਰ ਉੱਠਦਾ ਸੀ। ਉਹ ਆਪਣੀ ਅਠਾਰਾਂ ਸਾਲ ਪਹਿਲਾਂ ਹੋਈ ਬੇਅਦਬੀ ਬਦਲੇ ਖਾਧੀ ਮਾਰ ਤੇ ਕਸਮ ਨੂੰ ਹਮੇਸ਼ਾ ਯਾਦ ਰਖਦਾ ਸੀ।

ਇਸਦੇ ਉਲਟ ਸ: ਸੇਵਕ ਸਿੰਘ ਦਾ ਝੁਕਾਉ ਹੁਣ ਗੁਰੂ ਘਰ ਵਲੋਂ ਘਟਦਾ ਜਾ ਰਿਹਾ ਸੀ ਤੇ ਮਨ ਸੇਵਾ ਸਿਮਰਨ ਵਲੋਂ ਉਪਰਾਮ ਹੁੰਦਾ ਜਾ ਰਿਹਾ ਸੀ, ਉਹ ਹੁਣ ਘੱਟ ਹੀ ਗੁਰੂ ਘਰ ਦੀ ਹਾਜ਼ਰੀ ਭਰਦਾ ਤੇ ਨਿਤਨੇਮ ਵੀ ਨੇਮ ਨਾਲ ਨਾ ਕਰਦਾ। ਹੁਣ ਉਹ ਆਪਣੇ ਤਕੜੇ ਫੈਲੇ ਹੋਏ ਕਾਰੋਬਾਰ ਤੇ ਵਿਉਪਾਰ ਨੂੰ ਹੋਰ ਵਧਾਉਣ ਤੇ ਸਿਖਰਾਂ ਤੇ ਪਹੁੰਚਾਉਣ ਦੀ ਲਗਨ ਵਿਚ ਪਾਗਲਪੁਣੇ ਦੀ ਹੱਦ ਤੱਕ ਪੁੱਜ ਚੁੱਕਾ ਸੀ। ਹੁਣ ਉਹ ਦੋਹਾਂ ਜਹਾਨਾਂ ਦੇ ਸਚੇ ਹਾਕਮ ਵਾਹਿਗੁਰੂ ਅਕਾਲ ਪੁਰਖ ਦੀ ਬਜਾਏ ਦੁਨਿਆਵੀ ਝੂਠੇ ਹਾਕਮਾਂ ਦੀ ਸੇਵਾ ਵਿਚ ਤਸੱਲੀ ਲੱਭਦਾ ਸੀ। ਦਿਨ ਰਾਤ ਕੋਟੇ, ਪਰਮਿਟਾਂ, ਠੇਕਿਆਂ ਦੇ ਚੱਕਰਾਂ ਵਿਚ ਸਰਕਾਰੀ ਅਫਸਰਾਂ ਦੇ ਘਰੀਂ ਚੱਕਰ ਲਾਉਣਾ ਤੇ ਉਨ੍ਹਾਂ ਦੀਆਂ ਯੋਗ ਤੇ ਅਯੋਗ ਮੰਗਾਂ ਮੰਨਣੀਆਂ ਤੇ ਆਪਣੀਆਂ ਉਨ੍ਹਾਂ ਤੋਂ ਮਨਵਾਉਣ ਲਈ ਹਰ ਹੀਲੇ ਵਰਤਦਾ। ਉਸਦੀ ਸਿਖੀ ਮਰਿਆਦਾ ਦੀ ਲਗਨ ਤੇ ਗੁਰਦਵਾਰੇ ਲਈ ਸ਼ਰਧਾ ਭਾਵਨਾ, ਮਾਇਆ ਤੇ ਦੁਨਿਆਵੀ ਐਸ਼ਵਰਜ ਦੀ ਪ੍ਰਾਪਤੀ ਦੀ ਸਾਧਨਾ ਹੇਠ ਦਬ ਕੇ ਰਹਿ ਗਈ ਸੀ। ਕਿਸੇ ਵਕਤ ਦਾ ਪੰਥ ਦਾ ਪਹਿਰੇਦਾਰ ਅੱਜ ਪੰਥ ਦਾ ਗ਼ਦਾਰ ਤੇ ਸਰਕਾਰ ਦਾ ਵਫਾਦਾਰ ਤੇ ਪੂਰਾ ਪੂਰਾ ਸੇਵਾਦਾਰ ਬਣ ਚੁੱਕਾ ਸੀ। ਘਰ ਦਿਆਂ ਦੀ ਵਿਰੋਧਤਾ, ਤੇ ਛੋਟੇ ਦੋਵੇਂ ਸਤਿਸੰਗੀਆਂ ਦੀ ਗੁਰੂ ਘਰ ਵੱਲ ਪ੍ਰੇਰਨਾ ਦੀ ਉਸਨੂੰ ਕੋਈ ਪਰਵਾਹ ਨਹੀਂ ਸੀ ਤੇ ਯਾਰਾਂ ਮਿੱਤਰਾਂ ਦੀ ਨੇਕ ਸਲਾਹ ਵੀ ਉਹ ਠੁਕਰਾ ਦੇਂਦਾ ਸੀ। ਉਸਦੇ ਦੋ ਲੜਕੇ ਉਸਦੀ ਇਸ ਕੁਟਲਤਾ ਤੋਂ ਬੜੇ ਦੁਖੀ ਰਹਿੰਦੇ, ਪਰ ਡਰਦੇ ਮਾਰੇ ਕੁਝ ਨਾ ਕਹਿੰਦੇ। ਇਸੇ ਕਾਰਨ ਧਰਮ ਸਿੰਘ ਉਸ ਨਾਲ ਵਟਿਆ ਵਟਿਆ ਤੇ ਉਸਦੇ ਖਿਲਾਫ ਡਟਿਆ ਡਟਿਆ ਰਹਿੰਦਾ ਸੀ।

31 ਅਕਤੂਬਰ ਨੂੰ ਅਚਾਨਕ ਸ੍ਰੀਮਤੀ ਇੰਦਰਾ ਗਾਂਧੀ ਦੀ ਹਤਿਆ ਹੋ ਗਈ ਤੇ ਦਿਲੀ ਅਤੇ ਹੋਰ ਸਾਰੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਤੇ ਯਕਦਮ ਕਹਿਰ ਦੀ ਅੰਨ੍ਹੇਰੀ ਝੁਲ ਗਈ, ਮਾਰੂ ਹਥਿਆਰਾਂ ਨਾਲ ਲੈਸ ਹਜ਼ਾਰਾਂ ਦਾ ਹਜੂਮ ਪਤਾ ਨਹੀਂ ਕਿਹੜੇ ਆਕਾਸ਼ੋਂ ਆਣ ਕੇ ਲੱਥਾ ਕਿ ਕਿਹੜੀ ਧਰਤੀ ਤੋਂ ਉਗਮ ਪਿਆ ਕਿ ਉਸ ਜ਼ਾਲਿਮ ਖ਼ੂਨ-ਖ਼ਾਰ ਤੇ ਡਾਕੂਆਂ ਦੇ ਹਜੂਮ ਨੇ ਹਜ਼ਾਰਾਂ ਬੇਕਸੂਰ ਸਿਖਾਂ ਨੂੰ ਘਰ ਘਾਟੋਂ ਉਜਾੜਿਆ, ਮਾਰਿਆ ਤੇ ਜਿਉਂਦਿਆਂ ਹੀ ਸਾੜਿਆ, ਬੱਚੇ, ਬੁਢੇ, ਜਵਾਨ, ਮਾਸੂਮ ਬੱਚੀਆਂ ਤੇ ਅਬਲਾ ਮੁਟਿਆਰਾਂ, ਪੂਜ ਮਾਵਾਂ ਕਿਸੇ ਨੂੰ ਵੀ ਨਹੀਂ ਬਖਸ਼ਿਆ ਗਿਆ। ਹਜ਼ਾਰਾਂ ਮਾਵਾਂ ਨਿਪੁੱਤੀਆਂ, ਸਜਵਿਆਹੀਆਂ, ਨਿਖਸਮੀਆਂ ਤੇ ਭੈਣਾਂ ਵੀਰਾਂ ਬਿਨਾਂ ਨਿਆਸਰੀਆਂ ਹੋ ਗਈਆਂ। ਅਨੇਕ ਬਦਨਸੀਬ ਬੱਚੇ ਸਰਪ੍ਰਸਤ ਮਾਪਿਆਂ ਨੂੰ ਗਵਾ ਕੇ ਅਨਾਥ ਹੋ ਗਏ, ਸੈਂਕੜੇ ਸਿਖਾਂ ਦੇ ਜ਼ੋਰੀਂ ਕੇਸ ਕਤਲ ਕਰਕੇ ਪਤਿਤ ਤੇ ਧੀਆਂ ਭੈਣਾਂ ਨੂੰ ਅਪਮਾਨਤ ਕੀਤਾ ਗਿਆ, ਧਾਰਮਕ ਅਸਥਾਨ ਤੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਜਲਾਏ ਗਏ। ਅੱਜ ਦੇ ਮਾਡਰਨ ਯੁੱਗ ਦੇ ਪੜ੍ਹੇ ਲਿਖਿਆਂ ਸਭਿਅਤਾ ਦੇ ਦਾਅਵੇਦਾਰਾਂ ਨੇ ਵਹਿਸ਼ੀ ਯੁੱਗ ਦੇ ਜ਼ੁਲਮਾਂ ਨੂੰ ਮਾਤ ਪਾ ਦਿਤਾ। ਅਕਾਲੀ, ਗ਼ੈਰ ਅਕਾਲੀ, ਕਾਂਗਰਸੀ, ਮਾਰਕਸੀ, ਨਿਰੰਕਾਰੀ, ਰਾਧਾਸੁਆਮੀ, ਨਾਮਧਾਰੀ ਕਿਸੇ ਵੀ ਖਿਆਲ ਦੇ ਕੇਸਾਧਾਰੀ ਸਿਖ ਨੂੰ ਨਹੀਂ ਮੁਆਫ ਕੀਤਾ ਗਿਆ, ਸਭ ਨੂੰ ਹੀ ਸਾਫ਼ ਕੀਤਾ ਗਿਆ। ਮਹੱਲੇ ਵਿਚ ਹਰ ਸਿਖ ਦਾ ਮਕਾਨ, ਹਰ ਗੁਰਦਵਾਰਾ, ਬਾਜ਼ਾਰ ਵਿਚ ਹਰ ਸਿਖ ਦੀ ਦੁਕਾਨ ਤੇ ਵਿਉਪਾਰਕ ਅਦਾਰਾ—ਏਥੋਂ ਤਕ ਕਿ ਗੁਰਦਵਾਰਿਆਂ ਦੇ ਗਰੰਥੀ ਸਿੰਘ ਤੇ ਸੇਵਾਦਾਰ ਭੀ ਗੁਰਦਵਾਰਿਆਂ ਵਿਚ ਹੀ ਜਲਾ ਦਿਤੇ ਗਏ।

ਦਿੱਲੀ ਵਿਚ ਇਹਨਾਂ ਧਾੜਵੀਆਂ ਦੇ ਹਜੂਮ ਨੇ ਸ: ਸੇਵਕ ਸਿੰਘ ਦੀ ਬਸਤੀ ਤੇ ਵੀ ਧਾਵਾ ਕਰਕੇ ਮਾਰ ਧਾੜ ਤੇ ਫੂਕ ਸਾੜ ਸ਼ੁਰੂ ਕਰ ਦਿਤੀ ਤੇ ਸਕੀਮ ਅਨੁਸਾਰ ਸਿਖਾਂ ਦੇ ਸਾਰੇ ਘਰਾਂ ਨੂੰ ਘੇਰ ਘੇਰ ਕੇ ਲੁਟਣਾ-ਸਾੜਨਾ ਸ਼ੁਰੂ



www.AKJ.Org

ਕਰ ਦਿਤਾ। ਸ: ਸੇਵਕ ਸਿੰਘ ਦਾ ਘਰ ਵੀ, ਹੁਕਮਰਾਨ ਪਾਰਟੀ ਦਾ ਸਰਗਰਮ ਰੁਕਨ ਹੁੰਦਾ ਹੋਇਆ ਭੀ, ਨਾ ਬਚ ਸਕਿਆ। ਉਸ ਨੇ ਇਸ ਕਹਿਰ ਤੋਂ ਬਚਣ ਲਈ ਆਪਣੇ ਨਿਕਟਵਰਤੀ ਸਰਕਾਰੀ ਅਫਸਰਾਂ, ਕੌਮੀ ਨੇਤਾਵਾਂ ਤੇ ਸੋਸ਼ਲ ਵਰਕਰਾਂ ਨੂੰ ਬਚਾਉ ਵਾਸਤੇ ਟੈਲੀਫੂਨ ਤੇ ਤਰਲੇ ਕੀਤੇ, ਵਾਸਤੇ ਪਾਏ, ਦੁਹਾਈਆਂ ਦਿਤੀਆਂ, ਪਰ ਉਸਦੇ ਭਾਗਾਂ ਵਾਂਗ ਅੱਜ ਉਸਦੇ ਸਾਰੇ ਦੋਸਤ ਮਿੱਤਰ ਤੇ ਹਮਦਰਦ ਅਫਸਰ, ਤੇ ਕੌਮੀ ਨੇਤਾ ਸੁਤੇ, ਤੇ ਸੁਤੇ ਹੀ ਰਹੇ। ਕੋਈ ਵੀ ਸਹਾਇਤਾ ਲਈ ਨਹੀਂ ਬਹੁੜਿਆ, ਉਨ੍ਹਾਂ ਦੇ ਕੀਤੇ ਵਾਇਦੇ ਝੂਠੇ ਪੈ ਗਏ ਤੇ ਏਕਤਾ ਦੇ ਸਾਰੇ ਐਲਾਨ ਧਰੇ ਦੇ ਧਰੇ ਹੀ ਰਹਿ ਗਏ, ਉਹ ਅਜ ਬੇਗਾਨੇ ਹੋ ਗਏ, ਸੱਕੇ ਨਾ ਰਹਿ ਗਏ। ਤੇ ਸ: ਸੇਵਕ ਸਿੰਘ ਦੇ ਨੈਣਾਂ ਵਿਚ ਗ਼ਮ ਦੇ ਹੰਝੂ ਭਰੇ ਦੇ ਭਰੇ ਹੀ ਰਹਿ ਗਏ। ਉਸਨੂੰ ਹੁਣ ਆਪਣਾ ਸੱਚਾ ਸਹਾਇਕ ਵਾਹਿਗੁਰੂ ਅਕਾਲ ਪੁਰਖ ਯਾਦ ਆਇਆ ਤੇ ਉਹ ਮਨ ਵਿਚ ਡਾਢਾ ਪਛਤਾਇਆ ਕਿ ਉਸਨੇ ਕਿਉਂ ਆਪਣੇ ਸਚੇ ਸਹਾਇਕ ਦਾ ਲੜ ਛਡ ਕੇ ਝੂਠੇ ਮਤਲਬ-ਪ੍ਰਸਤ ਸਹਾਇਕਾਂ ਦਾ ਲੜ ਫੜਿਆ ? ਕਿਉਂ ਆਪਣੇ ਕੌਮੀ ਫਰਜ਼ ਤੇ ਕੌਮ ਨੂੰ ਵਿਸਾਰਿਆ ? ਤੇ ਆਪ ਵੀ ਮਰਿਆ ਤੇ ਕੌਮ ਨੂੰ ਵੀ ਮਾਰਿਆ ?

ਪਰ ਹੁਣ ਬੜੀ ਦੇਰ ਹੋ ਚੁਕੀ ਸੀ, ਉਸਦੇ ਮਕਾਨ ਨੂੰ ਵੀ ਦੁਸ਼ਟਾਂ ਨੇ ਤੇਲ ਛਿੜਕ ਕੇ ਅੱਗ ਲਗਾ ਦਿਤੀ ਸੀ, ਉਹ ਤੇ ਉਸਦਾ ਪਰਿਵਾਰ ਉਪਰਲੀ ਛੱਤ ਦੇ ਛੋਟੇ ਜਿਹੇ ਕਮਰੇ ਵਿਚ ਲੁਕੇ ਬੈਠੇ ਸਨ, ਪਰ ਇਹ ਕੀ ? ਧਰਮ ਸਿੰਘ ਕਿਥੇ ਗਿਆ ? ਅਜੇ ਤਾਂ ਅੱਧਾ ਘੰਟਾ ਪਹਿਲਾਂ ਫਸਾਦੀਆਂ ਦੇ ਆਉਣ ਤਕ ਘਰ ਹੀ ਸੀ ? ਉਸਨੂੰ ਕਿਥੋਂ ਭਾਲੀਏ ? ਬਾਹਰ ਤਾਂ ਪਰਲੋ ਮੱਚੀ ਹੋਈ ਹੈ, ਜੀਉਂਦਿਆਂ ਦੁਖੀਆਂ ਦੀਆਂ ਪੁਕਾਰਾਂ ਕੰਨਾਂ ਨਾਲ ਕੁਝ ਦੇਰ ਟਕਰਾਉਂਦੀਆਂ ਤੇ ਫਿਰ ਮਰ ਕੇ ਖਾਮੋਸ਼ ਹੋ ਜਾਂਦੀਆਂ ਸਨ। ਅਗਨੀ ਦੀਆਂ ਪਰਚੰਡ ਲਪਟਾਂ ਤੇ ਧੂੰਆਂ-ਧਾਰ ਮਾਹੌਲ ਵਿਚ ਆਪਣਾ ਹੋਣਹਾਰ ਤੇ ਕਮਾਊ ਪੁੱਤਰ ਧਰਮ ਸਿੰਘ ਕਿਥੋਂ ਲੱਭੀਏ ? ਤੇ ਹੁਣ ਤਾਂ ਆਪਣੇ ਘਰ ਨੂੰ ਵੀ ਚਾਰੇ ਪਾਸਿਆਂ ਤੋਂ ਅੱਗ ਦੀ ਲਪੇਟ ਨੇ ਘੇਰ ਲਿਆ ਹੈ। ਦਰਵਾਜ਼ੇ ਖਿੜਕੀਆਂ ਤੇ ਛੱਤਾਂ ਦੀਆਂ ਸ਼ਤੀਰੀਆਂ ਤੇ ਕੜੀਆਂ ਧੜਾ-ਧੜ ਸੜ ਰਹੀਆਂ ਹਨ ਤੇ ਉਪਰਲੀ ਮੰਜ਼ਲ ਤੋਂ ਵੀ ਅੱਗ ਦੀਆਂ ਲਾਟਾਂ ਉਠ ਕੇ ਸ: ਸੇਵਕ ਸਿੰਘ ਤੇ ਉਸਦੇ ਪਰਿਵਾਰ ਨੂੰ ਵੀ ਜਲਾਉਣ ਲਈ ਵੱਧ ਰਹੀਆਂ ਹਨ, ਹੋਰ ਵਧ ਰਹੀਆਂ ਹਨ।

ਆਪਣੇ ਪਿਆਰੇ ਵਡੇ ਵਡੇਰਿਆਂ ਦਾ ਬਣਾਇਆ ਹੋਇਆ ਪਿਆਰਾ ਘਰ ਤੇ ਘਰ ਤੋਂ ਪਿਆਰਾ ਪਰਵਾਰ, ਪਰਵਾਰ ਤੋਂ ਵੀ ਪਿਆਰਾ ਕਰੋੜਾਂ ਦਾ ਫੈਲਿਆ ਹੋਇਆ ਕਾਰੋਬਾਰ, ਤੇ ਪਿਆਰੇ ਸਪੁੱਤਰ ਧਰਮ ਸਿੰਘ ਦੇ ਵਿਛੋੜੇ ਦਾ ਪਰਹਾਰ, ਕੀ ਇਹ ਸਭ ਕੁਛ ਅੱਜ ਖਤਮ ਤੇ ਜਲ ਕੇ ਭਸਮ ਹੋ ਜਾਏਗਾ ?

ਇਸਦੇ ਨਾਲ ਹੀ ਉਸਨੂੰ ਆਪਣੇ ਗਵਾਂਢੀ ਸੇਵਾ ਰਾਮ ਜੀ ਦਾ ਨਾਲ ਲਗਦਾ, ਪਰ ਇਸ ਕਹਿਰ ਤੋਂ ਬਚਿਆ ਹੋਇਆ ਚੁਬਾਰਾ ਆਪਣੇ ਬਚਾਉ ਦਾ ਇਕੋ ਇਕ ਸਾਧਨ ਨਜ਼ਰ ਆਇਆ ਤੇ ਪਰਿਵਾਰ ਸਹਿਤ ਉਸ ਚੁਬਾਰੇ ਵਿਚ ਪੁਜਣ ਦੀ ਸੋਚ ਹੀ ਰਿਹਾ ਸੀ ਕਿ ਜਲਦੀਆਂ ਸ਼ਤੀਰੀਆਂ ਤੇ ਕੜੀਆਂ ਦੀ ਛੱਤ ਵਡੇ ਧਮਾਕੇ ਦੇ ਨਾਲ ਉਹਨਾਂ ਦੇ ਸਿਰਾਂ ਤੇ ਗਿਰੀ ਤੇ ਕੁਝ ਹੀ ਪਲਾਂ ਵਿਚ ਉਹ ਸਾਰਾ ਪਰਿਵਾਰ ਮਕਾਨ ਦੇ ਮਲਬੇ ਦੇ ਢੇਰ ਦੇ ਨਾਲ ਹੀ ਜਲ ਕੇ ਰਾਖ ਦਾ ਢੇਰ ਹੋ ਗਿਆ।

ਤੇ ਧਰਮ ਸਿੰਘ, ਉਹ ਬਹਾਦਰ ਸੂਰਮਾ ਧਰਮ ਦਾ ਰਾਖਾ ਧਰਮ ਸਿੰਘ ਆਪਣੇ ਘਰ ਤੇ ਪਰਿਵਾਰ ਦਾ ਮੋਹ ਤਿਆਗ ਕੇ ਬਲਵਾਈਆਂ ਦੇ ਬਲਵੇ ਸਮੇਂ ਬਸਤੀ ਦੇ ਗੁਰਦਵਾਰੇ ਵੱਲ ਆਪਣੇ ਕੁਝ ਦਲੇਰ ਤੇ ਸ਼ੇਰ-ਦਿਲ ਸਾਥੀਆਂ ਨਾਲ ਦੌੜਿਆ ਤੇ ਅੱਗ ਲਾਉਣ ਤੇ ਲੁੱਟ ਮਚਾਉਣ ਵਾਲੇ ਹਜੂਮ ਨਾਲ ਪੂਰੀ ਸ਼ਕਤੀ ਨਾਲ ਟਕਰਾਇਆ। ਉਸਦੇ ਸਾਥੀਆਂ ਨੇ ਵੀ ਗੁਰਦਵਾਰੇ ਨੂੰ ਬਚਾਉਣ ਖਾਤਰ ਵਿਤੋਂ ਵੱਧ ਆਪਣਾ ਜ਼ੋਰ ਲਾਇਆ ਤੇ ਖ਼ੂਨ ਵਹਾਇਆ। ਅੰਤ ਨੂੰ ਉਹ ਸਾਰੇ ਸੂਰਮੇ ਦਰਜਨਾਂ ਗੁੰਡਿਆਂ ਤੇ ਲੁਟੇਰਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਆਪ ਵੀ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਘਰ ਤੋਂ ਨਿਛਾਵਰ ਹੋ ਗਏ ਤੇ ਸ਼ਹੀਦਾਂ ਦੇ ਮਹਾਨ ਸਪੂਤ ਜ਼ਾਹਰ ਹੋ ਗਏ।

ਬਹਾਦਰ ਧਰਮ ਸਿੰਘ ਦੀ ਮਿਰਤਕ ਦੇਹ ਸ਼ਹਾਦਤ ਦੇ ਸਮੇਂ ਐਨ ਉਸੇ ਜਗ੍ਹਾ ਢੇਰੀ ਹੋਈ ਜਿਥੇ ਕਦੇ ਅਠਾਰ੍ਹਾਂ ਸਾਲ ਪਹਿਲਾਂ ਉਸਦੇ ਪਿਤਾ ਨੇ ਉਸਨੂੰ ਗੁਰਦਵਾਰੇ ਦੀ ਉੱਚਤਾ ਤੇ ਸੁੱਚਤਾ ਨੂੰ ਭੰਗ ਕਰਨ ਦੇ ਦੋਸ਼ ਵਿਚ ਮਾਰ ਮਾਰ ਕੇ ਢੇਰ ਕਰ ਦਿਤਾ ਸੀ।

[ਛਪ ਰਹੀ ਪੁਸਤਕ 'ਮਨ ਅੰਤਰ ਕੀ ਪੀਰ' ਵਿਚੋਂ

www.AKJ.Org

# ਪਤਿ ਵਿਣੁ ਪੂਜਾ ?

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮਿੰਟ ਕਾਲਜ, ਸੰਗਰੂਰ[

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ ॥੬॥੧॥
(ਰਾਮਕਲੀ ਮ: ੧–੯੦੩)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ਼ੁਲਾਮ ਭਾਰਤ ਵਿਚ ਹਿੰਦੂ ਧਰਮ ਦੇ ਧਾਰਮਕ ਆਗੂਆਂ ਦਾ ਦੁਬਾਜਰਾ ਰਵੱਈਆ, ਡਬਲ ਸਟੈਂਡਰਡ ਦਾ ਵਿਵਹਾਰ ਚੰਗੀ ਤਰ੍ਹਾਂ ਦੇਖਿਆ ਤੇ ਉਸ ਬਾਰੇ ਆਪਣੀ ਬਾਣੀ ਵਿਚ ਉਹਨਾਂ ਦੀ ਹਾਸੋ ਹੀਣੀ ਦਸ਼ਾ ਦਾ ਵਰਨਣ ਕੀਤਾ। ਬ੍ਰਾਹਮਣ ਭਾਵੇਂ ਹਿੰਦੂ ਧਰਮ ਦਾ ਸਰਬਉਚ ਗਾਈਡ ਸੀ, ਪਰ ਉਸ ਦੀ ਹਾਲਤ ਤਰਸ ਯੋਗ ਸੀ। ਉਹ ਪੂਜਾ ਜ਼ਰੂਰ ਕਰਦਾ ਸੀ, ਪਰ ਉਸ ਪੂਜਾ ਵਿਚ ਕੋਈ ਸਾਰ ਨਹੀਂ ਸੀ। ਉਸਦੀ ਪੂਜਾ ਦਰਗਾਹੇ ਪਰਵਾਣ ਹੋ ਕੇ ਉਸਨੂੰ ਇੱਜ਼ਤ ਬਖਸ਼ਣ ਯੋਗ ਨਹੀਂ ਸੀ। ਬਿਨਾਂ ਇਜ਼ਤ ਆਬਰੂ ਦੇ, ਪੂਜਾ ਕਾਹਦੀ ਹੋਈ ? ਸਤ ਵਿਣੁ ਸੰਜਮ ਕਾਹਦਾ, ਜਤ ਸਤ ਤੋਂ ਬਿਨਾਂ ਜਨੇਊ ਦਾ ਕੀ ਲਾਭ ?

ਸਤਿਗੁਰੂ ਜੀ ਨੇ ਵੇਖ ਲਿਆ ਸੀ ਕਿ ਗ਼ੁਲਾਮ ਭਾਰਤ ਦਾ ਧਾਰਮਕ ਆਗੂ ਪੂਜਾ ਵਿਚ ਭੀ ਪਖੰਡ ਕਰਨ ਲਗ ਪਿਆ ਹੈ—

ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥੧੬॥ [ਆਸਾ ਦੀ ਵਾਰ–੪੭੧

ਆਪਣੇ ਘਰ ਦੇ ਅੰਦਰ ਲੁਕ ਕੇ ਠਾਕੁਰਾਂ ਦੀ ਪੂਜਾ ਕਰਦਾ ਹੈਂ, ਤੇ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਉਹਨਾਂ ਦੇ ਪਵਿਤਰ ਕੁਰਾਨ ਨੂੰ ਪੜ੍ਹਦਾ ਹੈਂ, ਅਤੇ ਤੁਰਕਾਂ ਵਾਲੀ ਰਹਿਤ ਰਹਿਣੀ ਦਾ ਧਾਰਨੀ ਬਣ ਗਿਆ ਹੈਂ। ਇਹ ਪਖੰਡ ਛਡ ਦੇਹ। ਇਸ ਨਾਲ ਰੱਬੀ ਦਰਗਾਹ ਵਿਚ ਤੇਰੀ ਕੋਈ ਇਜ਼ਤ ਨਹੀਂ ਹੋਣੀ। ਨਾਮ ਜਪਿਆਂ ਹੀ ਤੂੰ ਤਰ ਸਕਦਾ ਹੈਂ, ਨਹੀਂ ਤਾਂ ਨਹੀਂ।

ਬ੍ਰਾਹਮਣ ਤੋਂ ਦੂਜੇ ਨੰਬਰ ਤੇ ਖਤਰੀ ਹੈ। ਗੁਰੂ ਪਾਤਸ਼ਾਹ ਨੇ ਉਸਨੂੰ ਭੀ ਗ਼ੁਲਾਮੀ ਦੀ ਜ਼ਹਿਨੀਅਤ ਦਾ ਸ਼ਿਕਾਰ ਵੇਖਿਆ। ਜੋ ਕੌਮ ਆਪਣੀ ਬੋਲੀ, ਆਪਣੀ ਰਹਿਤ-ਰਹਿਣੀ ਨੂੰ ਤਿਲਾਂਜਲੀ ਦੇ ਕੇ ਬਿਗਾਨੀ ਬੋਲੀ ਅਤੇ ਬਿਗਾਨੇ ਕਲਚਰ ਨੂੰ ਗ੍ਰਹਿਣ ਕਰਦੀ ਹੈ, ਉਸ ਅੰਦਰ ਆਪਣੇ ਕਲਚਰ ਪ੍ਰਤੀ ਹੀਣਤਾ ਭਾਵ ਹੈ। ਸਮੇਂ ਦੀ ਹਵਸ਼ ਦੇ ਮਗਰ ਲਗਣ ਵਿਚ ਜਿਹੜਾ ਮਨੁਖ ਆਪਣੇ ਧਰਮ ਨੂੰ, ਆਪਣੇ ਕਲਚਰ ਨੂੰ ਛਡ ਬੈਠੇ, ਉਸਨੂੰ ਗੁਰੂ ਜੀ ਗ਼ੁਲਾਮ ਕਹਿੰਦੇ ਹਨ। ਹਿੰਦੂ ਧਰਮ ਦੇ ਆਗੂ ਇਕ ਪਾਸੇ ਮੁਸਲਮਾਨਾਂ ਨੂੰ ਮਲੇਛ ਕਹਿੰਦੇ ਸਨ ਤੇ ਦੂਜੇ ਪਾਸੇ ਉਹਨਾਂ ਨਾਲ ਵਰਤਦੇ ਸਨ, ਉਹਨਾਂ ਦੀ ਬੋਲੀ ਸਿਖਦੇ ਸਨ। ਇਹ ਸਭ ਗ਼ੁਲਾਮੀ ਦੀ ਜ਼ਹਿਨੀਅਤ ਦੀਆਂ ਗੱਲਾਂ ਸਨ :—

ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥੩॥੧॥੬॥੮॥
(ਧਨਾਸਰੀ ਮਹਲਾ ੧–੬ ੩)

ਭਾਵ, ਖਤਰੀਆਂ ਨੇ ਭੀ ਆਪਣਾ ਸੂਰਮਗਤੀ ਵਾਲਾ ਧਰਮ ਛਡ ਕੇ ਅਰਬੀ ਫ਼ਾਰਸੀ ਸਿਖ ਲਈ ਹੈ। ਉਹਨਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਆਪਣੇ ਦੇਸ਼ ਦੇ ਧਰਮ ਕਰਮ ਅਤੇ ਕਲਚਰ ਤੇ ਬੋਲੀ ਦੀ ਰੱਖਿਆ ਕਰਦੇ, ਪਰ ਉਹਨਾਂ ਦੀ ਇਸ ਅਣਗਹਿਲੀ ਕਾਰਨ ਆਮ ਜਨਤਾ ਮੁਸਲਮਾਨੀ ਅਸਰ ਹੇਠਾਂ ਆ ਰਹੀ ਹੈ। ਇਹ ਗ਼ੁਲਾਮੀ ਵਾਲੀ ਮਿਲਵਰਤਣ ਹੈ, ਇਸ ਨਾਲ ਧਰਮੀ ਪੁਰਸ਼ਾਂ ਦਾ ਜਾਂ ਧਰਮ ਦਾ ਵਿਕਾਸ ਨਹੀਂ ਹੋ ਸਕਦਾ।

ਮਹਾਨ ਕੋਸ਼ ਅਨੁਸਾਰ 'ਲਾਲਾ' ਸ਼ਬਦ ਦੇ ਅਰਥ ਹਨ ਗ਼ੁਲਾਮ ਜਾਂ ਦਾਸ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਹਿਮੂਦ ਗਜ਼ਨਵੀ ਦੇ ਸਤਾਰਾਂ ਹਮਲਿਆਂ (੧੦੦੦ ਈਸਵੀ ਤੋਂ ੧੦੨੬) ਤੋਂ ਬਾਅਦ ਹਿੰਦੂਆਂ ਨੂੰ ਲਾਲਾ



www.AKJ.Org

ਕਹਿ ਕੇ ਪੁਕਾਰਨ ਦਾ ਇਸਲਾਮੀ ਦੇਸ਼ਾਂ ਵਿਚ ਰਿਵਾਜ ਪਿਆ। ਇਥੋਂ ਦੇ ਬਹੁਤ ਸਾਰੇ ਲੋਕ ਲਾਲੇ ਬਣਾ ਕੇ ਗਜ਼ਨਵੀ ਲਿਜਾਏ ਗਏ ਤੇ ਦਾਸਾਂ ਵਾਂਗ ਵੇਚੇ ਗਏ। ਮਗਰੋਂ ਅਫ਼ਗਾਨ ਸ਼ਾਸਕਾਂ ਨੇ ਜਦੋਂ ਭਾਰਤ ਵਿਚ ਆਪਣਾ ਰਾਜ ੧੧੯੧ ਈਸਵੀ ਵਿਚ ਕਾਇਮ ਕੀਤਾ ਤਾਂ ਹਿੰਦੂਆਂ ਨੂੰ ਲਾਲਾ ਕਹਿਣ ਦਾ ਰਿਵਾਜ ਪੈ ਗਿਆ। ਅਤੇ ਆਮ ਜਨਤਾ ਲਾਲਾ ਅਖਵਾ ਕੇ ਰਾਜ਼ੀ ਸੀ। ਭਾਵ, ਉਹਨਾਂ ਨੇ ਹੀਣਤਾ ਭਾਵ ਸਵੀਕਾਰ ਕਰ ਲਿਆ ਹੋਇਆ ਸੀ।

ਸਤਿਗੁਰੂ ਸਾਹਿਬਾਨ ਦਾ ਪਹਿਲਾ ਜਤਨ ਇਹ ਜਾਪਦਾ ਹੈ ਕਿ ਉਹਨਾਂ ਨੇ ਕਿਸੇ ਆਪਣੇ ਸਿਖ ਦੇ ਨਾਮ ਨਾਲ ਲਾਲਾ ਸ਼ਬਦ ਨਹੀਂ ਜੋੜਿਆ। ਉਹਨਾਂ ਨੇ 'ਭਾਈ' ਸ਼ਬਦ ਜੋੜ ਕੇ ਇਸ ਨਵੇਂ ਭਾਈ-ਚਾਰੇ ਵਿਚ ਸੱਚਾ ਭਾਈਚਾਰਾ ਕਾਇਮ ਕੀਤਾ। ਸੋ ਭਾਈ ਲਾਲੋ, ਭਾਈ ਊਦੋ, ਭਾਈ ਪੈੜਾ, ਭਾਈ ਮੋਖਾ, ਭਾਈ ਅਲ੍ਹਾ ਯਾਰ ਖਾਨ, ਭਾਈ ਮੰਝ, ਭਾਈ ਪਾਰੋ, ਭਾਈ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ। ਉਹ ਮਾਨਸਿਕ ਤੌਰ ਤੇ ਆਪਣੇ ਸਿਖ ਦੇ ਅੰਦਰੋਂ ਗੁਲਾਮੀ ਕਢਣਾ ਚਾਹੁੰਦੇ ਸਨ। ਬਿਪਰਨ ਕੀ ਰੀਤ ਵਾਲੇ ਹੁਣ ਭੀ ਲਾਲੇ ਸਦਵਾਈ ਜਾਂਦੇ ਹਨ, ਭਾਵੇਂ ਲਾਲੇ ਸ਼ਬਦ ਦੇ ਅਰਥਾਂ ਵਿਚ ਕਾਫ਼ੀ ਫੇਰ ਬਦਲ ਹੋਇਆ ਹੈ)। ਅਗੋਂ ਚਲ ਕੇ ਦਸਵੇਂ ਸਤਿਗੁਰੂ ਜੀ ਨੇ ਭਾਈ ਸ਼ਬਦ ਨੂੰ ਨਵਾਂ ਸਰੂਪ ਬਖਸ਼ਿਆ 'ਸਰਦਾਰ'। ਜੇ ਲਾਲਾ ਗੁਲਾਮ ਨੂੰ ਕਹਿੰਦੇ ਹਨ ਤਾਂ ਸਰਦਾਰ ਤੋਂ ਭਾਵ ਹੈ ਹਾਕਮ। ਇਉਂ ਖਾਲਸੇ ਨੂੰ ਸਰਦਾਰੀ ਬਖਸ਼ੀ।

"ਪਤਿ ਵਿਣੁ ਪੂਜਾ ?" ਨੇ ਸਿਖ ਮਾਨਸਿਕਤਾ ਵਿਚ ਅਣਖ ਦੀ ਚਿਣਗ ਜਗਾਈ। ਸਪੱਸ਼ਟ ਹੈ ਜੇਕਰ ਧਰਮੀ ਬੰਦਾ ਸਵੈਮਾਨ ਨਾਲ ਜੀ ਨਹੀਂ ਸਕਦਾ ਤਾਂ ਉਹ ਕਾਹਦਾ ਧਰਮੀ ਜਾਂ ਭਗਤ ਹੋਇਆ। ਬ੍ਰਾਹਮਣ ਨੇ ਧਰਮੀ ਬਣਨ ਦਾ ਜੋ ਮਿਆਰ (ਸਟੈਂਡਰਡ) ਆਪਣੀ ਲੁਕਾਈ ਸਾਹਮਣੇ ਹੁਣ ਤਕ ਰਖਿਆ ਸੀ, ਉਸ ਵਿਚ ਸਵੈਮਾਨ ਨਹੀਂ ਸੀ। ਗੁਰਬਾਣੀ ਨੇ ਆਪਣੇ ਪਵਿਤਰ ਉਪਦੇਸ਼ਾਂ ਰਾਹੀਂ ਇਕ ਅਜਿਹੇ ਪੰਥ ਦਾ ਨਿਰਮਾਣ ਕੀਤਾ ਜੋ ਪੂਜਾ ਦੇ ਮਾਮਲੇ ਵਿਚ ਬ੍ਰਾਹਮਣੀ ਪੂਜਾ ਤੋਂ ਸੁਤੰਤਰ ਅਤੇ ਰਹਿਤ ਰਹਿਣੀ ਦੇ ਮਾਮਲੇ ਵਿਚ ਸਾਦਾ ਸੀ। ਟੇਕ ਇਹ ਅਕਾਲ ਦੀ, ਭਰੋਸਾ ਗੁਰੂ ਦਾ, ਅਮਲ ਨੇਕ ਤੇ ਵਿਚਾਰ ਸ਼ੁਧ ਨੇ ਸਿਖ ਨੂੰ ਨਿਰਭਉ ਦੇ ਨਾਲ ਨਾਲ ਨਿਰਵੈਰ ਭੀ ਬਣਾਇਆ। ਨਿਰਭਉ ਤੇ ਨਿਰਵੈਰ ਵਿਅਕਤੀ ਅੰਦਰ ਅਣਖ ਦਾ ਜਾਗਣਾ ਕੁਦਰਤੀ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਨੇ ਸਿਖਾਂ ਦੀ ਅਣਖ ਜਗਾ ਕੇ ਭਗਤੀ ਦੇ ਨਾਲ ਨਾਲ ਸ਼ਕਤੀ ਨੂੰ ਜਨਮ ਦਿਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣੀਆਂ ਅਤੇ ਮੁਗਲ ਸਾਮਰਾਜ ਨਾਲ ਚਾਰ ਲੜਾਈਆਂ ਲੜਨ ਦਾ ਮਕਸਦ ਅਣਖ ਤੇ ਸਵੈਮਾਣ ਨੂੰ ਕਾਇਮ ਕਰ ਕੇ ਪੈਰਾਂ ਤੇ ਖੜਾ ਕਰਨਾ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਸਰਦਾਰੀ ਦਾ ਖਿਤਾਬ ਦਿੱਤਾ ਤੇ ਜ਼ੁਲਮ ਨਾਲ ਲੋਹਾ ਲੈਣ ਲਈ ਤਿਆਰ ਕੀਤਾ। ਦਸਵੇਂ ਸਤਿਗੁਰਾਂ ਦੀ ਬਾਣੀ ਵਿਚ ਐਸੇ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਖਾਲਸਾ ਪੰਥ ਨੂੰ ਅਣਖ ਨਾਲ ਜੀਉਣ ਦੀ ਪ੍ਰੇਰਨਾ ਮਿਲਦੀ ਹੈ। ਭੰਗਾਣੀ ਦੇ ਜੁਧ ਦੇ ਬਿਰਤਾਂਤ ਵਿਚ ਇਉਂ ਦਰਜ ਹੈ—

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥੩੧॥ (ਬਚਿਤ੍ਰ ਨਾਟਕ, ਧਿਆਇ ੮)

ਇਸੇ ਦਾ ਪ੍ਰਭਾਵ ਹੈ ਕਿ ਜਦੋਂ ਜਦੋਂ ਭੀ ਖਾਲਸੇ ਨਾਲ ਕਿਤੇ ਭੀ ਧੱਕਾ ਹੋਇਆ ਹੈ ਉਦੋਂ ਉਦੋਂ ਖਾਲਸੇ ਦੀ ਅਣਖ ਜਾਗੀ ਹੈ। ਛੋਟੇ ਸਾਹਿਬਜ਼ਾਦਿਆਂ ਦੀ ਮਾਸੂਮ ਸ਼ਹੀਦੀ ਨੇ ਸਾਰੇ ਪੰਜਾਬ ਦੇ ਖਾਲਸੇ ਨੂੰ ਐਸਾ ਲਾਮਬੰਦ ਕੀਤਾ ਕਿ ਛੇ ਸਾਲਾਂ ਵਿਚ ਹੀ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਗਏ ਕਿ ਰਹੇ ਰੱਬ ਦਾ ਨਾਂਉਂ। ਸਰਹੰਦ, ਸਮਾਣਾ, ਸਢੋਰਾ, ਕੈਥਲ, ਸੁਨਾਮ, ਹੁਣ ਤਕ ਸਿੰਘਾਂ ਦੇ ਬਣਾਏ ਖੰਡਰ ਮਿਟਾ ਨਹੀਂ ਸਕੇ। ਬੰਦਾ ਸਿੰਘ ਨੂੰ ਖੂਨੀ ਬੰਦੇ ਦਾ ਖਿਤਾਬ ਮੁਗਲਾਂ ਨੇ ਉਹਨਾਂ ਦੇ ਕਾਰਨਾਮੇ ਦੇਖ ਕੇ ਦਿਤਾ ਸੀ। ਸਤਿਗੁਰੂ ਜੀ ਦੇ ਸਿਖਾਂ ਨੇ ਬਾਣੀ ਅਤੇ ਗੁਰੂ ਸਾਹਿਬਾਨ ਦੇ ਆਪਣੇ ਪਾਏ ਪੂਰਨਿਆਂ ਤੋਂ ਇਹ ਚੰਗੀ ਤਰ੍ਹਾਂ ਸਿਖ ਲਿਆ ਸੀ ਕਿ ਨਿਰੀ ਭਗਤੀ ਕਰਨਾ ਤੇ ਧਰਮੀ ਜੀਵਨ ਜੀਉਣਾ ਹੀ ਕਾਫੀ ਨਹੀਂ। ਧਰਮੀ ਨੂੰ ਆਪਣੀ ਰੱਖਿਆ ਆਪ ਕਰਨ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।


www.AKJ.Org

ਕਹਿੰਦੇ ਹਨ, ਦਸਵੇਂ ਪਾਤਸ਼ਾਹ ਦੇ ਬਵੰਜਾ ਕਵੀਆਂ ਨੂੰ ਕਵਿਤਾ ਲਿਖਣ ਲਈ ਸਿਰਲੇਖ 'ਪੂਰਨ ਮਨੁਖ' ਸਤਿਗੁਰਾਂ ਵਲੋਂ ਦਿਤਾ ਗਿਆ। ਸਭ ਕਵੀਆਂ ਨੇ ਕਵਿਤਾਵਾਂ ਬੜੇ ਚਾਉ ਨਾਲ ਲਿਖੀਆਂ ਤੇ ਉਨ੍ਹਾਂ ਭਰੇ ਦੀਵਾਨ ਵਿਚ ਬੜੇ ਉਤਸ਼ਾਹ ਨਾਲ ਸੁਣਾਈਆਂ। ਸਤਿਗੁਰੂ ਜੀ ਸੁਣ ਕੇ ਹਸ ਛਡਦੇ ਤੇ ਸਿਰ ਹਿਲਾ ਛਡਦੇ, ਜਿਸਦਾ ਭਾਵ ਸੀ ਕਿ ਨਹੀਂ। ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ 'ਪੂਰਨ ਮਨੁਖ' ਦਾ ਨਕਸ਼ਾ ਖਿਚਣ ਦਾ ਜਤਨ ਕੀਤਾ ਸੀ। ਪਰ ਅਜ ਸਾਹਿਬੇ ਕਮਾਲ, ਹਰ ਇਕ ਕਵੀ ਦੀ ਕਵਿਤਾ ਸੁਣ ਕੇ ਸਿਰ ਕਿਉਂ ਹਿਲਾ ਦਿੰਦੇ ਹਨ ? ਇਹ ਸੁਵਾਲ ਹਰ ਇਕ ਦੇ ਮਨ ਵਿਚ ਉਠਦਾ ਸੀ। ਉਹਨਾਂ ਦੇ ਪੁਛਣ ਤੇ ਸਤਿਗੁਰੂ ਜੀ ਨੇ ਗਰਜਵੀਂ ਆਵਾਜ਼ ਨਾਲ ਕਿਹਾ ਕਿ ਤੁਸਾਂ ਕੇਵਲ ਗ਼ੁਲਾਮ ਭਾਰਤ ਦੇ ਸੰਤਾਂ ਸਾਧੂਆਂ ਦੇ ਜੀਵਨ ਨੂੰ ਹੀ ਆਦਰਸ਼ ਮੰਨ ਕੇ ਆਪਣੀ ਕਵਿਤਾ ਵਿਚ ਚਿਤਰਿਆ ਹੈ। ਮੇਰੇ ਸਾਹਮਣੇ ਸੁਤੰਤਰ ਖਾਲਸੇ ਦਾ ਸੁਤੰਤਰ ਆਦਰਸ਼ ਹੈ। ਖਾਲਸਾ ਸੰਤ ਭੀ ਹੋਵੇਗਾ ਤੇ ਸਿਪਾਹੀ ਭੀ, ਧਰਮੀ ਭੀ ਹੋਵੇਗਾ ਪਰ ਅਣਖੀ ਵੀ। ਸਵਾ ਲਖ ਨਾਲ ਮੁਕਾਬਲਾ ਕਰਨ ਦਾ ਹੌਸਲਾ ਉਸ ਅੰਦਰ ਹੋਵੇਗਾ। ਖਾਲਸੇ ਨੂੰ ਵਰਦਾਨ ਦਿਤਾ :—

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤਿ॥ ਮੈ ਨ ਕਰਉ ਇਨ ਕੀ ਪਰਤੀਤ॥

ਭਾਵ : ਕਿ ਜਦ ਤਕ ਖਾਲਸਾ ਗੁਰਮਤਿ ਮਾਰਗ ਤੇ ਚਲਦਾ ਰਹੇਗਾ, ਉਦੋਂ ਤਕ ਮੈਂ ਆਪਣਾ ਸਾਰਾ ਆਤਮਕ ਤੇਜ ਉਸ ਦੇ ਅੰਗ ਸੰਗ ਰਖਾਂਗਾ। ਪਰ ਜਦੋਂ ਇਹ ਬ੍ਰਾਹਮਣੀ ਰੀਤ-ਰਹਿਣੀ ਵਿਚ ਪੈ ਜਾਵੇਗਾ ਤੇ ਗੁਰਮਤਿ ਮਾਰਗ ਤੋਂ ਘੁਸ ਜਾਵੇਗਾ, ਮੇਰਾ ਤੇਜ ਪਰਤਾਪ ਇਸ ਨਾਲ ਨਹੀਂ ਹੋਵੇਗਾ ਤੇ ਨਾ ਹੀ ਮੈਂ ਐਸੇ ਖਾਲਸਾ ਦਾ ਭਰੋਸਾ ਕਰਾਂਗਾ।

ਸਮੇਂ ਦੇ ਬੀਤਣ ਨਾਲ ਅਣਖ ਨੇ ਫੋਕੇ ਹੰਕਾਰ ਦਾ ਰੂਪ ਧਾਰਨ ਕਰ ਲਿਆ। ਖਾਲਸੇ ਦੇ ਜੀਵਨ ਵਿਚੋਂ ਹੌਲੀ ਹੌਲੀ ਨਾਮ ਬਾਣੀ ਦੀ ਕਮਾਈ ਜਿਉਂ ਜਿਉਂ ਘਟਦੀ ਗਈ, ਤਿਉਂ ਤਿਉਂ ਅਣਖ ਦੀ ਮਾਤ੍ਰਾ ਭੀ ਘਟਦੀ ਗਈ। ਅਣਖ ਅਤੇ ਮਾੜੇ ਮਾੜੇ ਨਿਜੀ ਵਕਾਰ ਵਿਚਕਾਰ ਫ਼ਰਕ ਸਮਝਣਾ ਮੁਸ਼ਕਲ ਹੋ ਗਿਆ। ਵਰਤਮਾਨ ਸਮੇਂ ਵਿਚ ਅਣਖ ਦੇ ਪ੍ਰਗਟਾਵੇ ਦੇ ਜੋ ਜੋ ਦਮਗਜੇ ਮਾਰੇ ਗਏ ਹਨ, ਉਹਨਾਂ ਦਾ ਮੁਲਾਂਕਣ ਤਾਂ ਆਉਣ ਵਾਲੇ ਇਤਿਹਾਸ-ਕਾਰ ਹੀ ਕਰਨਗੇ। ਪਰ ਕੀ ਆਪੋ ਵਿਚ ਪਾਟੀ ਹੋਈ ਕੌਮ ਦੀ ਅਣਖ ਸਾਬਤ ਰਹਿ ਸਕਦੀ ਹੈ ?

ਖਾਲਸੇ ਨੇ ਅਣਖ ਕਿਥੇ ਵਰਤਣੀ ਹੈ ? ਇਹ ਇਕ ਬੜਾ ਗੰਭੀਰ ਮਸਲਾ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਖਾਲਸਾ ਫੌਜਾਂ ਆਪੋ ਵਿਚ ਲੜੀਆਂ। ਕੀ ਇਹ ਅਣਖ ਦਾ ਪ੍ਰਗਟਾਵਾ ਹੋ ਰਿਹਾ ਸੀ ਜਾਂ ਹਉਮੈ ਦਾ ? ਇਹ ਤਾਂ ਨਿਜੀ ਵਕਾਰਾਂ ਦੀ ਟੱਕਰ ਸੀ, ਜਿਸ ਨੇ ਬਾਬਾ ਬੀਰ ਸਿੰਘ ਵਰਗੇ ਮਹਾਨ ਬ੍ਰਹਮ ਗਿਆਨੀਆਂ ਨੂੰ ਭੀ ਸੁਲਾਹ ਕਰਾਉਂਦੇ ਤੋਪਾਂ ਨਾਲ ਉਡਾ ਦਿੱਤਾ। ਨਿਜੀ ਵਕਾਰ ਨੇ ਸਿਆਸੀ ਰੂਪ ਧਾਰਨ ਕਰ ਕੇ ਖਾਲਸੇ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਗੁਰੂ ਸਾਹਿਬਾਂ ਦੇ ਪਾਏ ਪੂਰਨੇ ਤਾਂ ਇਹੋ ਸੇਧ ਦਿੰਦੇ ਹਨ ਕਿ ਖਾਲਸੇ ਦਾ ਮੁਖ ਕੰਮ ਨਾਮ ਜਪਣਾ ਹੈ, ਧਰਮ ਦੀ ਕਿਰਤ ਕਰਨੀ ਹੈ, ਵੰਡ ਕੇ ਛਕਣਾ ਹੈ, ਸਰਬੱਤ ਦਾ ਭਲਾ ਕਰਨਾ ਹੈ। ਧਰਮ ਦੀ ਜਦੋਂ ਹਾਨੀ ਹੁੰਦੀ ਦਿਸੇ, ਖਾਲਸਾ ਆਪਣੀ ਅਣਖ ਦੇ ਜੌਹਰ ਦਿਖਾਵੇ। ਪਰ ਵਜ਼ੀਰੀਆਂ ਤੇ ਪਾਰਲੀਮੈਂਟ ਦੀਆਂ ਕੁਰਸੀਆਂ ਲੈਣ ਲਈ ਜਗਾਈ ਅਣਖ, ਕੀ ਅਣਖ ਆਖੀ ਜਾ ਸਕਦੀ ਹੈ ? ਸੱਚੇ ਭਗਤ ਦਾ ਸਵੈਮਾਨ ਅਣਖ ਹੈ। ਇਸ ਵਿਸ਼ੇ ਤੇ ਹੋਰ ਸੋਚਣ ਦੀ ਲੋੜ ਹੈ ਕਿ ਅਣਖ ਅਤੇ ਵਿਅਕਤੀ ਦੇ ਮਾਣ ਵਿਚਕਾਰ ਵੰਡ-ਰੇਖਾ ਕਿਥੇ ਖਿਚੀ ਜਾਏ ? ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸੇਧ ਦੇ ਰਹੇ ਹਨ :—

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥੨॥੨੬॥੯੬॥

[ਸਿਰੀ ਰਾਗੁ ਮ: ੫, ਪੰਨਾ ੫੧]



www.AKJ.Org

ਗੁਰੂ ਘਰ ਵਿਚ ਅਣਖ ਦਾ ਪ੍ਰਗਟਾਵਾ ਸ਼ਾਂਤਮਈ ਰਹਿ ਕੇ ਭੀ ਕੀਤਾ ਗਿਆ ਹੈ ਅਤੇ ਸ਼ਸਤਰਾਂ ਨਾਲ ਭੀ ਕੀਤਾ ਗਿਆ ਹੈ। ਪੰਜਵੇਂ ਅਤੇ ਨੌਵੇਂ ਸਤਿਗੁਰਾਂ ਦੀਆਂ ਸ਼ਹੀਦੀਆਂ, ਅਣਖ ਦਾ ਸ਼ਾਂਤਮਈ ਸਰੂਪ ਹਨ। "ਸੀਸੁ ਦੀਆ ਪਰ ਸਿਰਰੁ ਨ ਦੀਆ" ਅਤੇ ਜ਼ਫਰਨਾਮੇ ਤਕ ਦੀਆਂ ਘਟਨਾਵਾਂ ਅਣਖ ਦਾ ਹੀ ਪ੍ਰਗਟਾਵਾ ਹੈ।

ਅਣਖ ਦਾ ਭਾਵ ਹੈ ਕਿ ਜਿਸ ਅਸੂਲ ਤੇ ਤੁਸੀਂ ਦ੍ਰਿੜ੍ਹ ਹੋ, ਦ੍ਰਿੜ੍ਹ ਰਹੋ। ਅਣਖੀ ਸਿੰਘ ਜਦੋਂ ਜਾਬਰਾਂ ਦੇ ਵਸ ਪੈ ਗਏ ਤਾਂ ਉਹਨਾਂ ਨੇ ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੰਗ ਅੰਤਲੇ ਸੁਆਸਾਂ ਤਕ ਨਿਬਾਹੀ। ਇਹ ਸ਼ਾਂਤਮਈ ਅਣਖ ਹੈ। ਦਿੱਲੀ ਵਿਚ ਹਾਲ ਵਿਚ ਹੋਏ ਘਲੂਘਾਰੇ ਵਿਚ ਬਹੁਤ ਸਾਰੇ ਸਿਖ ਧਰਮ ਤੇ ਦ੍ਰਿੜ੍ਹ ਰਹਿ ਕੇ ਸ਼ਹੀਦੀਆਂ ਪਾ ਗਏ। ਪਰ ਕਈ ਐਸੇ ਭੀ ਸਨ ਜਿਨ੍ਹਾਂ ਨੇ ਅਣਖ ਭੀ ਬਾਜ਼ਾਰ ਦੇ ਭਾਅ ਵੇਚ ਦਿਤੀ। ਭਾਵ ਜੇ ਜਰਵਾਣੇ ਮੁਗਲ ਹੁੰਦੇ ਤਾਂ ਉਹ ਇਸਲਾਮ ਕਬੂਲ ਕਰ ਲੈਂਦੇ, ਪਰ ਜੇ ਜਰਵਾਣੇ ਹਿੰਦੂ ਸਨ (ਜਿਨ੍ਹਾਂ ਕਦੀ ਜਰਵਾਣਿਆਂ ਦਾ ਰੂਪ ਨਹੀਂ ਸੀ ਧਾਰਿਆ) ਤਾਂ ਉਹ ਭੀ ਮੋਨੇ ਬਣਕੇ ਧਰਮ ਨੂੰ ਛਡ ਗਵਾ ਬੈਠੇ। ਸੋ ਅਣਖ ਸ਼ਾਂਤਮਈ ਭੀ ਹੋ ਸਕਦੀ ਹੈ। ਇਹ ਧਾਰਨਾ ਗਲਤ ਹੈ ਕਿ ਖਾਲਸਾ ਹਮੇਸ਼ਾ ਸ਼ਸਤਰ-ਮਈ ਅਣਖ ਦਾ ਪਰਦਰਸ਼ਨ ਕਰਦਾ ਆ ਰਿਹਾ ਹੈ। ਕਿਸੇ ਮਾਸੂਮ ਤੇ ਬੇਦੋਸ਼ੇ ਨੂੰ ਐਵੇਂ ਮਾਰ ਦੇਣਾ ਖਾਲਸੇ ਦਾ ਕਰਤੱਵ ਨਹੀਂ। ਇਸ ਨਾਲ ਕੌਮ ਵਿਚ ਅਣਖ ਨਹੀਂ ਜਾਗਦੀ, ਸਗੋਂ ਸ਼ਰਮ ਨਾਲ ਸਿਰ ਝੁਕਦਾ ਹੈ। ਅਣਖ ਕਿਸੇ ਮਹਾਨ ਕਾਜ਼ ਲਈ ਪ੍ਰਗਟਾਈ ਜਾਂਦੀ ਹੈ। ਸਿੰਘਾਂ ਤੋਂ ਗੁਰਦਵਾਰਿਆਂ ਵਿਚ ਮਹੰਤਾਂ ਦੀਆਂ ਕੁਰੀਤੀਆਂ ਬਰਦਾਸ਼ਤ ਨਹੀਂ ਹੋਈਆਂ। ਨਨਕਾਣੇ ਸਾਹਿਬ ਦਾ ਦਰਦਨਾਕ ਸਾਕਾ ਨਿਰੋਲ ਸ਼ਾਂਤਮਈ ਅਣਖੀਲਾ ਸਾਕਾ ਸੀ, ਜਿਸ ਨੇ ਸਮੁਚੀ ਕੌਮ ਨੂੰ ਵਲੂੰਧਰ ਦਿਤਾ। ਪਰ ਕੌਮ ਦੀ ਅਣਖ ਤੇ ਸਵੈਮਾਣ ਨੂੰ ਸ਼ਕਤੀ ਮਿਲੀ। ਜੈਤੋ, ਗੁਰੂ ਕੇ ਬਾਗ, ਗੁਰਦਵਾਰਾ ਗੰਗਸਰ ਆਦਿ ਦੇ ਸ਼ਾਂਤਮਈ ਅਣਖੀਲੇ ਖਾਲਸਿਆਂ ਦੇ ਪ੍ਰਗਟਾਵਿਆਂ ਵਿਚ ਕੋਈ ਐਸੀ ਛਬ ਸੀ ਕਿ ਦੇਸ਼ ਵਿਦੇਸ਼ ਦੇ ਲੀਡਰ ਹੈਰਾਨ ਰਹਿ ਗਏ।

ਸੋ ਇਹ ਤਾਂ ਸਮੇਂ ਸਮੇਂ ਦੀ ਗੱਲ ਹੈ। ਖਾਲਸਾ ਮੌਕਾ ਦੇਖ ਕੇ ਸ਼ਾਂਤਮਈ ਜਾਂ ਸ਼ਸਤਰਮਈ ਅਣਖ ਦਾ ਪ੍ਰਗਟਾਵਾ ਕਰਦਾ ਆਇਆ ਹੈ ਕਿਸੇ ਉਚੇ ਆਦਰਸ਼ ਲਈ, ਕਿਸੇ ਮਹਾਨ ਕਾਰਜ ਲਈ, ਜਿਸ ਨੂੰ ਗੁਰੂ-ਮਤਿ ਪਰਵਾਨ ਕਰਦੀ ਹੋਵੇ, ਜਿਸ ਨੂੰ ਗੁਰ ਮਰਯਾਦਾ ਪਰਵਾਨ ਕਰਦੀ ਹੋਵੇ।

ਸਪਸ਼ਟ ਹੈ ਕਿ ਅਣਖ ਕਿਸੇ ਮਹਾਨ ਕਾਜ਼ ਲਈ ਹੈ, ਇਸ ਪਿਛੇ ਹਮੇਸ਼ਾ ਬੇਇਨਸਾਫ਼ੀ ਨੂੰ ਸੋਧਣ ਦੀ ਭਾਵਨਾ ਹੁੰਦੀ ਹੈ। ਸਰਬੱਤ ਦੇ ਭਲੇ ਲਈ ਨਿਆਂ ਕਰਨ ਦੀ ਪਵਿਤਰ ਭਾਵਨਾ ਹੁੰਦੀ ਹੈ। ਪਰ ਨਿਜੀ ਸਵਾਰਥਾਂ ਦੀ ਪ੍ਰਾਪਤੀ ਲਈ ਜਗਾਈ ਗਈ ਭਾਵਨਾ ਨੂੰ ਨਿਜੀ ਹਿਤ ਜਾਂ ਨਿਜੀ ਵਕਾਰ ਹੀ ਕਿਹਾ ਜਾ ਸਕਦਾ ਹੈ।

ਖਾਲਸਾ ਅਕਾਲ ਪੁਰਖ ਦੀ ਉਹ ਫੌਜ ਹੈ, ਜਿਸ ਨੂੰ ਸਰਬੱਤ ਦੇ ਭਲੇ ਦਾ ਮਿਸ਼ਨ ਸੌਂਪਿਆ ਗਿਆ ਹੈ, ਸ੍ਰੀ ਅਕਾਲ ਪੁਰਖ ਵਲੋਂ। ਜੋ ਮਿਸ਼ਨ ਸ੍ਰੀ ਦਸਮੇਸ਼ ਜੀ ਨੂੰ ਮਿਲਿਆ ਸੀ, ਉਹੀ ਖਾਲਸੇ ਨੂੰ ਸੌਂਪਿਆ ਗਿਆ—

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤੁ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥

(ਬਚਿਤ੍ਰ ਨਾਟਕ ਪਾ: ੧੦, ਧਿਆਇ ੬)

ਸੋ ਖਾਲਸਾ ਅਣਖ ਨਾਲ ਆਪ ਧਰਮੀ ਬਣ ਕੇ ਜੀਵਿਆ ਹੈ ਤੇ ਸਦਾ ਹੀ ਧਰਮ ਚਲਾਵਨ ਲਈ ਦੁਸ਼ਟ ਦੋਖੀਆਂ ਨਾਲ ਲੋਹਾ ਲੈਂਦਾ ਆਇਆ ਹੈ।

ਅਣਖ ਤੇ ਨਿਜੀ ਵਕਾਰ ਵਿਚਕਾਰ ਜੋ ਅੰਤਰ ਹੈ, ਉਹੀ ਅੰਤਰ ਬੀਰ ਰਸ ਅਤੇ ਕ੍ਰੋਧ ਵਿਚ ਹੈ। ਅਣਖ ਨਾਲ ਬੀਰ ਰਸ ਜਾਗ ਪੈਂਦਾ ਹੈ, ਜਿਸ ਦਾ ਗੁਰੂ ਘਰ ਵਿਚ ਉਚਾ ਅਸਥਾਨ ਹੈ। ਭਾਈ ਬਚਿਤਰ ਸਿੰਘ ਦਾ, ਸ਼ਰਾਬ ਨਾਲ ਮਸਤ ਹੋਏ ਹਾਥੀ ਨਾਲ ਟਾਕਰਾ ਕਰਨਾ ਵੰਨਗੀ ਮਾਤਰ ਉਦਾਹਰਣ ਹੈ। ਐਸੇ ਬੀਰ ਰਸੀਏ ਨੂੰ ਸਤਿਗੁਰੂ ਜੀ ਨੇ ਆਪ ਅਸੀਸ ਦੇ ਕੇ ਤੋਰਿਆ ਸੀ। ਪਰ ਕ੍ਰੋਧ ਸਦਾ ਨਿਜੀ ਵਕਾਰ, ਨਿਜੀ ਹੰਕਾਰ ਨੂੰ ਠੇਸ ਪਹੁੰਚਣ ਕਾਰਨ ਉਤਪੰਨ ਹੁੰਦਾ


www.AKJ.Org

ਹੈ। ਕ੍ਰੋਧ ਨੂੰ ਗੁਰਬਾਣੀ ਸਦਾ ਨਿੰਦਦੀ ਹੈ, ਪਰ ਬੀਰ ਰਸ ਲਈ ਪ੍ਰੇਰਦੀ ਹੈ:—

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

(ਸਲੋਕ ਕਬੀਰ ਜੀ, ਪੰਨਾ ੧੧੦੫)

ਪਰ ਕ੍ਰੋਧ ਨੂੰ ਬਹੁਤ ਬੁਰਾ ਦਰਸਾਇਆ ਹੈ—

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥੨॥੬੬॥

(ਸਿਰੀ ਰਾਗੁ ਮ: ੪, ਪੰਨਾ ੪੦)

ਕ੍ਰੋਧ ਵਿਚ ਅਗਨ ਹੈ, ਜੋ ਮਨੁਖ ਦੇ ਕੀਤੇ ਜਪ ਤਪ, ਸਾਧਨਾ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਪਰ ਬੀਰ ਰਸੀ ਜਜ਼ਬਾ ਕੇਵਲ ਦੁਸ਼ਟਾਂ ਦੇ ਪਾਪਾਂ ਨੂੰ ਭਸਮ ਕਰਦਾ ਹੈ, ਅਤੇ ਨਾਮ-ਅਭਿਆਸੀ ਖੰਡਾ ਹੋਰ ਜ਼ੋਰ ਵਿਚ ਖੜਕਦਾ ਅਤੇ ਅੰਦਰਲਾ ਨਾਮ ਰਸ ਵਿਚ ਭਿਜਾ ਰਹਿੰਦਾ ਹੈ। ਕ੍ਰੋਧੀ ਨਾਮ ਵਿਚ ਜੁੜ ਨਹੀਂ ਸਕਦਾ। ਨਾਮ ਨਾਲੋਂ ਟੁਟ ਕੇ ਮਨੁਖ ਨੇ ਰਸਾਤਲ ਵਿਚ ਹੀ ਡਿਗਣਾ ਹੈ।

---

# ਕੱਖਾਂ ਤੋਂ ਭੀ ਹੌਲੇ ਹੋ ਗਏ ਕਲਗੀਆਂ ਵਾਲਿਆ ਪੁਤਰ ਤੇਰੇ

[ਗਿਆਨੀ ਹਰਜੀਤ ਸਿੰਘ ਜੀ, ਲੁਧਿਆਣਾ]

ਕੱਖਾਂ ਤੋਂ ਵੀ ਹੌਲੇ ਹੋ ਗਏ, ਕਲਗੀਆਂ ਵਾਲਿਆ ਪੁਤਰ ਤੇਰੇ।
ਉਡ ਗਈ ਏਕੇ ਵਾਲੀ ਬਰਕਤ, ਬੇ-ਇਤਫ਼ਾਕੀ ਪਾ ਲਏ ਡੇਰੇ।
ਗਲੀਆਂ ਦੇ ਕੱਖ ਉਡ ਉਡ ਪੈਂਦੇ, ਦੁਸ਼ਮ ਦਿਸਣ ਚਾਰ-ਚੁਫੇਰੇ।
ਬਾਝ ਮੁਹਾਣੇ ਕਿਸ਼ਤੀ ਦਾਤਾ! ਫਸ ਗਈ ਵਿਚ ਘੁੰਮਣ-ਘੇਰੇ।

ਦਲਦਲ ਦੇ ਵਿਚ ਧੱਸੀ ਜਾਂਦੇ, ਆਰ ਕੋਈ ਨਹੀਂ ਪਾਰ ਕੋਈ ਨਹੀਂ।
ਪੰਥ ਤੇਰੇ ਦਾ ਤੇਰੇ ਬਾਝੋਂ, ਮੀਤ ਕੋਈ ਨਹੀਂ ਯਾਰ ਕੋਈ ਨਹੀਂ।
ਸਿਖਾਂ ਵਿਚ ਗੁਰਸਿਖੀ ਵਾਲਾ, ਪ੍ਰੇਮ ਕੋਈ ਨਹੀਂ ਪਿਆਰ ਕੋਈ ਨਹੀਂ।
ਸਖਣਾ ਢੋਲ ਵਜਾਈ ਜਾਂਦੇ, ਧਰਮ ਕਰਮ ਦੀ ਸਾਰ ਕੋਈ ਨਹੀਂ।

ਬਿਰਦ ਬਾਣੇ ਦੀ ਰਖਣੀ ਪੈਣੀ, ਪੰਥ ਵਾਲੀਆ ਪੰਥ ਬਚਾਅ ਲੈ।
ਬੇੜੀ ਦੇ ਵਿਚ ਵੱਟੇ ਪਾ ਲਏ, ਜਿਵੇਂ ਤਰਦੀ ਆ ਬੰਨੇ ਲਾ ਲੈ।
ਤਾਣੀ ਸਾਰੀ ਉਲਝ ਗਈ ਹੈ, ਜਿਵੇਂ ਸੁਲਝਾ ਸਕਦੈਂ ਸੁਲਝਾਅ ਲੈ।
ਸਾਥੋਂ ਇਹ ਸਮਝਾਅ ਨਹੀਂ ਹੁੰਦੇ, ਤੂੰ ਸਮਝਾਅ ਸਕਨੈਂ ਸਮਝਾਅ ਲੈ।

ਖ਼ੁਦਗਰਜ਼ਾਂ ਦੇ ਟੋਲੇ ਸੱਦ ਲੈ, ਮੁੜ ਕੋਈ ਸੇਵਾਦਾਰ ਭੇਜ ਦੇ।
ਰਣਜੀਤ ਸਿੰਘ ਦੀਆਂ ਦੜ੍ਹਤਾਂ ਘਲ ਦੇ, ਨਲੂਏ ਦੀ ਲਲਕਾਰ ਭੇਜ ਦੇ।
ਫੂਲਾ ਸਿੰਘ ਅਕਾਲੀ ਵਰਗਾ, ਫਿਰ ਕੋਈ ਜਥੇਦਾਰ ਭੇਜ ਦੇ।
ਜੋ ਮਰੇ ਪੰਥ ਲਈ ਜੀਵੇ ਪੰਥ ਲਈ, ਐਸਾ ਸਿਪਾਹ-ਸਲਾਰ ਭੇਜ ਦੇ।


www.AKJ.Org

# ਚੌਰ ਸਾਹਿਬ ਦੀ ਪ੍ਰਥਾ

[ਭਾਈ ਰਾਮ ਸਿੰਘ ਜੀ, ਸੁਕੈਡਰਨ ਲੀਡਰ (ਰੀ:), ਸ੍ਰੀ ਅੰਮ੍ਰਿਤਸਰ]

ਇੱਕ ਪ੍ਰੇਮੀ ਜੀ :—ਸਿੰਘ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਚੌਰ ਝੁਲਾਉਣ ਦੀ ਸੇਵਾ ਬਾਰੇ ਦਾਸ ਕੁਝ ਜਾਨਣਾ ਚਾਹੁੰਦਾ ਹੈ, ਜੇ ਆਪ ਜੀ ਕਿਰਪਾ ਕਰ ਸਕੋ ।

ਸਿੰਘ ਸਾਹਿਬ :—ਗੁਰੂ ਨਾਨਕ ਸਾਹਿਬ ਜੀ ਦੇ ਦਸੋਂ ਜਾਮਿਆਂ ਦੇ ਸੀਸ ਉੱਤੇ ਚੌਰ ਝੁੱਲਦਾ ਆਇਆ ਹੈ। ਓਹੋ ਚੌਰ ਹੁਣ ਗੁਰ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਝੁਲ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜਗ-ਮਗਾ ਰਹੀ ਹੈ ।

ਪ੍ਰੇਮੀ ਜੀ :—ਪਰ, ਗੁਰੂ ਨਾਨਕ ਸਾਹਿਬ ਤਾਂ ਅਕਾਲ ਰੂਪ ਸਨ। ਤਾਂ ਫਿਰ ਇਸ ਦਾ ਇਹ ਭਾਵ ਹੋਇਆ ਕਿ ਅਕਾਲ ਪੁਰਖ, ਗੁਰੂ ਨਾਨਕ ਸਾਹਿਬ ਜੀ ਅਤੇ ਗੁਰਬਾਣੀ ਇਕ ਹੀ ਬਾਤ ਹੈ।

ਸਿੰਘ ਸਾ:—ਤੁਸੀਂ ਠੀਕ ਕਿਹਾ ਹੈ।

ਪ੍ਰੇਮੀ ਜੀ :—ਤਾਹੀਓਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਬਾ ਬੁੱਢਾ ਜੀ ਦੇ ਹੱਥਿ ਚੌਰ ਦੇ ਕੇ ਉਨ੍ਹਾਂ ਨੂੰ ਪਹਿਲੇ ਗ੍ਰੰਥੀ ਸਾਹਿਬ ਥਾਪਿਆ ਸੀ। ਇਸ ਦਾ ਤਾਂ ਫਿਰ ਇਹ ਭਾਵ ਹੋਇਆ ਕਿ ਗ੍ਰੰਥੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਰ-ਬਰਦਾਰ ਹੁੰਦੇ ਹਨ ।

ਸਿੰਘ ਸਾ:—ਤੁਸੀਂ ਠੀਕ ਕਿਹਾ ਹੈ। ਜਿਹੜਾ ਸਿੱਖ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਹੋਇਆ ਹੋਵੇ ਓਹੋ ਸਿੱਖ ਉਤਨੇ ਸਮੇਂ ਲਈ ਗੁਰੂ ਸਾਹਿਬ ਜੀ ਦਾ ਚੌਰ-ਬਰਦਾਰ ਹੁੰਦਾ ਹੈ; ਅਤੇ ਉਹ ਨਿਰੰਕਾਰ ਦੀ ਪਰਤੱਖ ਜੋਤਿ ਉੱਤੇ ਚੌਰ ਕਰ ਰਿਹਾ ਹੁੰਦਾ ਹੈ। ਚੌਰ ਦਾ ਇਹ ਹਰਗਿਜ਼ ਮਤਲਬ ਨਹੀਂ ਹੁੰਦਾ ਕਿ ਇਹ ਮੱਖੀਆਂ ਉਡਾਣ ਦਾ ਸਾਧਨ ਹੈ ।

ਪ੍ਰੇਮੀ ਜੀ :—ਜੇ ਇਹ ਗੱਲ ਹੈ, ਤਾਂ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ ਗੁਰੂ ਦੇ ਲਾਲ ਨੂੰ ਗੁਰੂ ਸਾਹਿਬ ਜੀ ਉਪਰ ਚੌਰ ਕਰਦੇ ਹੀ ਰਹਿਣਾ ਚਾਹੀਦਾ ਹੈ, ਨਹੀਂ ਤਾਂ ਉਹ ਚੌਰ-ਬਰਦਾਰ ਕਿਸ ਗੱਲ ਦਾ ਹੋਇਆ ?

ਸਿੰਘ ਸਾ:—ਤੁਸੀਂ ਠੀਕ ਫੁਰਮਾਇਆ ਹੈ ।

ਪ੍ਰੇਮੀ ਜੀ :—ਮੈਂ ਤਾਂ ਇਸ ਲਈ ਕਿਹਾ ਹੈ ਕਿ ਜੇ ਸੱਚੇ ਪਾਤਸ਼ਾਹ ਜੀ ਉੱਤੇ ਚੌਰ ਨਹੀਂ ਕਰਨਾ ਤਾਂ ਫਿਰ ਗੁਰੂ ਸਾਹਿਬ ਜੀ ਦੀ ਤਾਬਿਆ ਭੀ ਕੀ ਕਰਨ ਲਈ ਬੈਠਣਾ ਹੋਇਆ ?

ਸਿੰਘ ਸਾ:—ਮੈਂ ਤਾਂ ਕਹਾਂਗਾ ਕਿ ਭਾਵੇਂ ਪਾਠ ਕਰਨ ਲਈ ਹੀ ਗੁਰੂ ਸਾਹਿਬ ਜੀ ਦੀ ਤਾਬਿਆ ਬੈਠਣਾ ਹੋਵੇ, ਤਾਂ ਭੀ ਤਾਬਿਆ ਬੈਠੇ ਸਿੰਘ ਨੂੰ ਆਪਣੇ ਹੱਥੋਂ ਚੌਰ ਨਹੀਂ ਛੱਡਣਾ ਚਾਹੀਦਾ, ਕਿਉਂਕਿ, ਹੋ ਸਕਦਾ ਹੈ ਕਿ ਪਾਠ ਕਰ ਰਹੇ ਪ੍ਰੇਮੀ ਨੂੰ ਚੌਰ ਕਰਨ ਦਾ ਖ਼ਿਆਲ ਉੱਕਾ ਹੀ ਭੁੱਲ ਜਾਏ। ਚੌਰ ਦੀ ਸੇਵਾ ਕਰੀ ਜਾਣ ਨਾਲ ਤਾਬਿਆ ਬੈਠੇ ਵਿਅਕਤੀ ਨੂੰ ਨੀਂਦ ਦੇ ਝੋਕੇ ਭੀ ਨਹੀਂ ਆਉਂਦੇ। ਇਸ ਸੇਵਾ ਦਾ ਇਕ ਹੋਰ ਭੀ ਪਹਿਲੂ ਹੈ।

ਪ੍ਰੇਮੀ ਜੀ :—ਹਾਂ ਜੀ ਦੱਸੋ, ਉਹ ਕੀ ਹੈ ?

ਸਿੰਘ ਸਾ:—ਜੇ ਤਾਂ ਤਾਬਿਆ ਬੈਠਾ ਵਿਅਕਤੀ ਚੌਰ ਕਰਨ ਦੀ ਸੇਵਾ ਕਰ ਰਿਹਾ ਹੋਵੇ ਤਾਂ, ਸੁਤੇ ਹੀ, ਉਸ ਦੇ ਮਨ ਵਿੱਚ ਖ਼ਿਆਲ ਆਏਗਾ ਕਿ ਮੈਂ ਗੁਰੂ ਸਾਹਿਬ ਜੀ ਦਾ ਸੇਵਾਦਾਰ ਹਾਂ, ਨੌਕਰ ਹਾਂ। ਇਸ ਨਾਲ ਉਸ ਦੇ ਮਨ ਵਿੱਚ ਨਿੰਮਰਤਾ ਆਏਗੀ ਅਤੇ ਉਹ ਆਤਮਕ ਅਨੰਦ ਮਾਣੇਗਾ। ਦੇਖਣ ਵਾਲਿਆਂ ਨੂੰ ਭੀ ਇਹੋ ਭਾਸੇਗਾ ਕਿ ਤਾਬਿਆ ਬੈਠਾ ਵਿਅਕਤੀ ਗੁਰੂ ਸਾਹਿਬ ਜੀ ਦਾ ਸੇਵਕ ਹੈ, ਅਤੇ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਮੁਖ ਰੱਖ ਕੇ ਅਦਬ ਸਹਿਤ ਚੌਰ ਕਰ ਰਿਹਾ ਹੈ।



www.AKJ.Org

ਪਰ, ਜੇ ਤਾਬਿਆ ਬੈਠਾ ਵਿਅਕਤੀ ਚੌਰ ਸਾਹਿਬ ਨੂੰ ਪਾਸੇ ਧਰ ਕੇ ਵੈਸੇ ਹੀ ਬਣ ਠਣ ਕੇ ਬੈਠਾ ਰਹੇ, ਤਾਂ ਉਸ ਨੂੰ ਇਹ ਪ੍ਰਤੀਤ ਹੋਵੇਗਾ ਕਿ ਉਸ ਨੂੰ ਕਮਾਈ ਵਾਲਾ ਸਿੰਘ ਸਮਝ ਕੇ, ਜਾਂ ਬਾਕੀਆਂ ਨਾਲੋਂ ਕਿਸੇ ਪੱਖੋਂ ਚੰਗਾ ਸਮਝ ਕੇ ਗੁਰੂ ਸਾਹਿਬ ਜੀ ਦੀ ਤਾਬਿਆ ਬੈਠਾਇਆ ਗਿਆ ਹੈ। ਦੇਖਣ ਵਾਲੇ ਭੀ ਮਹਿਸੂਸ ਕਰਨਗੇ ਕਿ ਸੰਗਤਿ ਵਿੱਚੋਂ ਇਹ ਕੋਈ ਸਿਰ-ਕੱਢਵਾਂ ਵਿਅਕਤੀ ਹੈ, ਜਿਸ ਨੂੰ ਸਗਤ ਨੇ ਗੁਰੂ ਸਾਹਿਬ ਜੀ ਦੀ ਤਾਬਿਆ ਬੈਠਣ ਦਾ ਮਾਣ ਬਖਸ਼ਿਆ ਹੈ। ਅਜਿਹੀ ਪਰਦਰਸ਼ਨੀ ਮਨ ਵਿੱਚ ਸੂਖਸ਼ਮ ਹਉਮੈ ਲਿਆਉਂਦੀ ਹੈ। ਇਸ ਲਈ ਨੁਮਾਇਸ਼ੀ ਬੁੱਤ ਬਣ ਕੇ ਗੁਰੂ ਸਾਹਿਬ ਜੀ ਦੀ ਤਾਬਿਆ ਬੈਠਣਾ ਘਾਟੇਵੰਦਾ ਸੌਦਾ ਹੈ। ਤਾਂ ਤੇ ਗੁਰੂ ਸਾਹਿਬ ਜੀ ਦੇ ਸਤਿਕਾਰ ਅਤੇ ਆਪਣੇ ਭਲੇ ਲਈ, ਤਾਬਿਆ ਬੈਠੇ ਵਿਅਕਤੀ ਨੂੰ ਚੌਰ ਸਾਹਿਬ ਦੀ ਸੇਵਾ ਕਰਦੇ ਹੀ ਰਹਿਣਾ ਚਾਹੀਦਾ ਹੈ।

ਕਈ ਪ੍ਰੇਮੀ, ਤਾਬਿਆ ਬੈਠੇ ਸਿੰਘ ਪਾਸੋਂ ਚੌਰ ਫੜ ਕੇ, ਆਪ, ਘੜੀ ਦੀ ਘੜੀ ਗੁਰੂ ਜੀ ਉਪਰ ਚੌਰ ਝੁਲਾਉਣ ਦੀ ਸੇਵਾ ਕਰਨ ਲਗ ਪੈਂਦੇ ਹਨ। ਅਜਿਹਾ ਕਰਦੇ ਹੋਏ, ਉਹ ਤਾਬਿਆ ਬੈਠੇ ਸਿੰਘ ਦੇ ਸੀਸ ਉੱਤੇ ਭੀ ਚੌਰ ਝੁਲਾਈ ਜਾਂਦੇ ਹਨ। ਅਜਿਹਾ ਕਰਨਾ ਠੀਕ ਨਹੀਂ, ਕਿਉਂਕਿ ਚੌਰ ਕੇਵਲ ਗੁਰੂ ਸਾਹਿਬ ਜੀ ਉੱਪਰ ਹੀ ਝੁਲ ਸਕਦਾ ਹੈ, ਕਿਸੇ ਅਲਪੱਗ ਜੀਵ ਦੇ ਸੀਸ ਉੱਤੇ ਨਹੀਂ। ਜੇ ਕਿਸੇ ਪ੍ਰੇਮੀ ਨੂੰ ਚੌਰ ਦੀ ਸੇਵਾ ਕਰਨ ਦਾ ਬਹੁਤ ਹੀ ਚਾਅ ਹੋਵੇ ਤਾਂ ਉਸ ਨੂੰ ਖ਼ੁਦ ਗੁਰੂ ਸਾਹਿਬ ਜੀ ਦੀ ਤਾਬਿਆ ਬੈਠ ਜਾਣਾ ਚਾਹੀਦਾ ਹੈ ਅਤੇ ਫਿਰ ਇਹ ਸੇਵਾ ਕਰਨੀ ਚਾਹੀਦੀ ਹੈ।

ਪ੍ਰੇਮੀ ਜੀ :—ਤੁਸਾਂ ਤਾਂ ਚੌਰ ਸਾਹਿਬ ਦੀ ਮਹੱਤਤਾ ਦੱਸਣ ਵਾਲੀ ਹੱਦ ਮੁਕਾ ਦਿੱਤੀ ਹੈ। ਇਸ ਸੇਵਾ ਨਾਲ, ਨਾਲੇ ਤਾਂ ਗੁਰੂ ਸਾਹਿਬ ਜੀ ਦਾ ਪੂਰਾ ਸਤਿਕਾਰ ਹੋ ਗਿਆ ਸਮਝੋ, ਅਤੇ ਨਾਲੇ ਆਪਣਾ ਮਨ ਭੀ ਨਿਰਮਾਣਤਾ ਅਤੇ ਭੈ-ਭਾਵਨੀ ਵਿਚ ਆ ਗਿਆ। ਨਹੀਂ ਤਾਂ ਮੇਰੇ ਵਰਗੇ ਕਈ ਵਿਅਕਤੀ, ਤਾਬਿਆ ਬੈਠਣ ਨੂੰ ਆਪਣੀ ਨੁਮਾਇਸ਼ ਅਤੇ ਵਡਿਆਈ ਹੀ ਸਮਝਦੇ ਹਨ। ਤੁਹਾਡੇ ਬਚਨਾਂ ਨੇ ਤਾਂ, ਮੈਂ ਕੀ ਦੱਸਾਂ, ਮੇਰੇ ਅੰਦਰ ਬੜੀ ਕਾਟ ਕੀਤੀ ਹੈ। ਅੱਛਾ, ਸਤਿਗੁਰ ਸੱਚੇ ਪਾਤਸ਼ਾਹ ਜੀ ਮੇਰੀ ਪਿਛਲੀ ਭੁੱਲ ਤਾਂ, ਜਿਵੇਂ ਵੀ ਹੋਵੇ, ਬਖਸ਼ ਦੇਣ, ਅੱਗੇ ਤੋਂ ਦਾਸ ਲਗਾਤਾਰ ਚੌਰ ਕਰਦੇ ਰਹਿਣ ਦੀ ਸੇਵਾ ਤੇ ਪੂਰਾ ਪਹਿਰਾ ਦੇਣ ਦੀ ਕੋਸ਼ਸ਼ ਕਰੇਗਾ।

ਸਿੰਘ ਸਾ:—ਇਸ ਸੇਵਾ ਬਾਰੇ ਤੁਹਾਡੇ ਮਨ ਵਿਚ ਕੋਈ ਹੋਰ ਸ਼ੰਕਾ ਤਾਂ ਨਹੀਂ ?

ਪ੍ਰੇਮੀ ਜੀ :—ਹੁਣ ਤਾਂ, ਮਹਾਰਾਜ, ਸ਼ੰਕੇ ਦੀ ਕੋਈ ਜਾਹ ਹੀ ਨਹੀਂ ਰਹੀ। ਹਾਂ ਸੱਚ, ਇਹ ਦੱਸਿਓ ਜੇ, ਕਿ ਚੌਰ ਕਿਸ ਢੰਗ ਨਾਲ ਕਰਨਾ ਚਾਹੀਦਾ ਹੈ ?

ਸਿੰਘ ਸਾ:—ਢੰਗ ਬਾਰੇ ਤਾਂ ਮੈਨੂੰ ਭੀ ਕੁਝ ਪਤਾ ਨਹੀਂ। ਪਰ ਕੋਈ ਸੋਭਦਾ ਅਤੇ ਪਰਭਾਵਤ ਢੰਗ ਹੀ ਇਖ਼ਤਿਆਰ ਕਰਨਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ :—

੧. ਚੌਰ ਕਰਦਿਆਂ ਹੋਇਆਂ ਚੌਰ ਦੇ ਵਾਲ ਗੁਰੂ ਸਾਹਿਬ ਜੀ ਦੇ ਸਰੂਪ ਨਾਲ ਨਹੀਂ ਲੱਗਣੇ ਚਾਹੀਦੇ।

੨. ਚੌਰ ਛੇਤੀ ਛੇਤੀ ਸੱਜਿਓਂ ਖੱਬੇ ਅਤੇ ਖੱਬਿਓਂ ਸੱਜੇ ਇੰਜ ਨਹੀਂ ਕਰਨਾ ਚਾਹੀਦਾ ਜਿਵੇਂ ਕਿ ਭਾਜੜ ਪਈ ਹੋਈ ਹੋਵੇ।

੩. ਬਾਂਹ ਲੰਬੀ ਕਰ ਕੇ, ਸਹਿਜੇ ਸਹਿਜੇ, ਪੂਰਨ ਸਤਿਕਾਰ ਨਾਲ ਆਪਣੇ ਸੀਸ ਦੇ ਲੈੱਵਲ ਤੋਂ ਕੁਝ ਉੱਚਾ ਹੱਥ ਕਰ ਕੇ ਚੌਰ ਝੁਲਾਣਾ ਚਾਹੀਦਾ ਹੈ।

੪. ਤਾਬਿਆ ਬੈਠੇ ਸਿੰਘ ਲਈ ਗਲ ਵਿੱਚ ਹਜ਼ੂਰੀਆ ਪਹਿਨਣਾ ਲੋੜੀਂਦਾ, ਸ਼ੋਭਦਾਇਕ ਅਤੇ ਗੁਰੂ ਸਾਹਿਬ ਜੀ ਲਈ ਸਤਿਕਾਰ ਦਾ ਪ੍ਰਤੀਕ ਹੈ।

੫. ਸਰੀਰਕ ਪੁਸ਼ਾਕਾ ਸਾਫ਼ ਸੁਥਰਾ ਅਤੇ ਸੌਖਾ ਅਥਵਾ ਖੁਲ੍ਹਾ ਹੀ ਜਚਦਾ ਹੈ। ਪਤਲੂਣਾਂ, ਟਾਈਆਂ ਆਦਿ ਸਰੀਰ ਨੂੰ ਆਤਮਕ-ਅਨੰਦੀ ਹੁਲਾਰਾ ਬਖਸ਼ਣ ਦੇ ਰਾਹ ਵਿੱਚ ਰੁਕਾਵਟਾਂ ਹਨ। ਇਸ ਦੇ ਨਾਲ ਨਾਲ ਸਰੀਰਕ ਸਵੱਛਤਾ ਦਾ ਖ਼ਿਆਲ ਭੀ ਅਤੀ ਜ਼ਰੂਰੀ ਹੈ।



www.AKJ.Org

# ਕੀਰਤਨ ਦਾ ਪ੍ਰਸਾਰਨ

[ਸ: ਗੁਰਸਾਗਰ ਸਿੰਘ ਐਮ. ਏ., ਅਜੀਤ ਨਗਰ, ਅੰਮ੍ਰਿਤਸਰ]

'ਅਜੀਤ' ਵਿਚ ਛਪੇ ਬਲਵੰਤ ਸਿੰਘ ਡਡਿਆਲਾ (੨-੪-੮੫) ਤੇ ਅਜਮੇਰ ਸਿੰਘ ਲੋਹਗੜ੍ਹ (੯-੪-੮੫) ਦੇ ਲੇਖਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਸੰਬੰਧੀ ਕਈ ਸੁਝਾਅ ਦ੍ਰਿਸ਼ਟੀ-ਗੋਚਰ ਹੁੰਦੇ ਹਨ। ਦੋਹਾਂ ਦੀ ਇਕ-ਮੱਤ ਰਾਇ ਹੈ ਕਿ ਰਾਗੀਆਂ ਦੇ ਕੀਰਤਨ ਦਾ ਮਿਆਰ ਉਚਾ ਨਹੀਂ। ਮਿਆਰ ਉਚੇਰਾ ਕਰਨ ਸੰਬੰਧੀ ਕਿਸੇ ਨੂੰ ਵੀ ਇਤਰਾਜ਼ ਨਹੀਂ ਹੋ ਸਕਦਾ। ਇਸ ਸੰਬੰਧੀ ਉਸਾਰੂ ਸੁਝਾਅ ਦੇਣੇ ਵੀ ਉਚਿਤ ਹਨ, ਲੇਕਿਨ ਕੇਵਲ 'ਯੋਗ, ਨਿਪੁੰਨ ਤੇ ਸਾਫ ਆਵਾਜ਼' ਜਿਹੀਆਂ ਅਮੂਰਤ ਗੱਲਾਂ ਨਾਲ ਕਿਸੇ ਨੂੰ ਕੋਈ ਸੇਧ ਨਹੀਂ ਮਿਲ ਸਕਦੀ।

ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨ ਦਾ ਇਕ ਵਿਸ਼ੇਸ਼ ਰੰਗ (ਸ਼ੈਲੀ) ਹੈ। ਇਕ ਦੋ ਅਪਵਾਦਾਂ ਨੂੰ ਛੱਡ ਕੇ ਬਾਕੀ ਸਾਰੇ ਰਾਗੀ ਇਹ ਵਿਸ਼ੇਸ਼ ਰੰਗ ਬੰਨ੍ਹਣ ਵਿਚ ਮਾਹਿਰ ਹਨ। ਮਹਿਜ਼ ਹਲਕੀਆਂ ਫੁਲਕੀਆਂ ਤਰਜ਼ਾਂ ਤੇ ਸ਼ਬਦ ਪੜ੍ਹੀ-ਸੁਣੀ ਜਾਣ ਨਾਲ ਵੀ ਸਾਡਾ ਕੁਝ ਨਹੀਂ ਸੰਵਰ ਸਕਦਾ। ਗੁਰਬਾਣੀ ਦਾ ਤਾਂ ਇਕ-ਇਕ ਸ਼ਬਦ ਹਿਰਦਾ ਵਿੰਨ੍ਹ ਸਕਦਾ ਹੈ। ਕੁਝ ਅਰਸਾ ਪਹਿਲਾਂ ਇਕ ਅਫ਼ਰੀਕਨ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਇਲਾਹੀ ਕੀਰਤਨ ਦੁਆਰਾ ਅਜਿਹਾ ਵਿੰਨ੍ਹਿਆ ਗਿਆ ਕਿ ਫਿਰ ਘੰਟਿਆਂ ਬੱਧੀ ਕੀਰਤਨ ਦਾ ਰਸ ਮਾਣਦਾ ਰਿਹਾ। ਪੰਜਾਬੀ ਤੋਂ ਬਿਲਕੁਲ ਨਾਵਾਕਿਫ਼ ਹੋਣ ਦੇ ਬਾਵਜੂਦ ਇਹ ਅਸਰ, ਜੋ ਇਕ ਪ੍ਰਦੇਸੀ ਤੇ ਹੋਇਆ, ਇਕ ਅਚੰਭੇ ਤੋਂ ਘਟ ਨਹੀਂ ਸੀ। ਸੋ ਲੋੜ ਇਸ ਗੱਲ ਦੀ ਹੈ ਕਿ ਅਸੀਂ ਸਾਰੇ ਗੁਰਬਾਣੀ ਦੇ ਅੰਮ੍ਰਿਤ-ਮਈ ਰਸ ਨੂੰ ਮਾਣਨ ਲਈ ਆਪਣੇ ਆਪ ਨੂੰ ਤਿਆਰ ਕਰੀਏ।

ਸ: ਡਡਿਆਲਾ ਨੇ ਤਾਂ ਕੀਰਤਨ ਦੇ ਨਾਲ ਕਥਾ ਕਰਨ ਦਾ ਵੀ ਸੁਝਾਅ ਦਿੱਤਾ ਹੈ। ਨਿਸਚੇ ਹੀ ਕਥਾ ਦਾ ਆਪਣਾ ਮਹੱਤਵ ਹੈ। ਗੁਰਬਾਣੀ ਦੇ ਭਾਵ-ਬੋਧ ਲਈ ਕਥਾ ਲਾਜ਼ਮੀ ਹੈ। ਲੇਕਿਨ ਕਥਾ ਤਾਂ 'ਕਥਾਕਾਰ' ਦੇ ਬੋਲ ਹੁੰਦੇ ਹਨ ਤੇ ਬਾਣੀ 'ਸਤਿਗੁਰੂ' ਦੇ ਬੋਲ। ਸ੍ਰੀ ਹਰਿਮੰਦਰ ਸਾਹਿਬ ਤੋਂ ਕੇਵਲ ਪੂਰਨ ਸਤਿਗੁਰੂ ਜੀ ਦੇ ਬੋਲ ਹੀ ਉਚਾਰਨ ਹੋ ਸਕਦੇ ਹਨ। ਹੋਰ ਕਿਸੇ ਦੇ ਬੋਲ ਵੀ ਇਸ ਪਾਵਨ-ਅਸਥਾਨ ਤੇ ਉਚਾਰਨ ਹੋਣੇ ਵਰਜਿਤ ਹਨ। ਇਹ ਕੇਵਲ ਰੀਤ ਨਹੀਂ, ਬਲਕਿ ਸਾਡਾ ਪਰਮਾਣਿਕ ਮਿਆਰ ਹੈ। ਇਸ ਪਰਮਾਣਿਕ ਮਿਆਰ ਦੇ ਮਹੱਤਵ ਨੂੰ ਓਹਲੇ ਕਰ ਕੇ, ਦਿਤਾ ਗਿਆ ਸੁਝਾਅ ਕਿੰਨਾ ਕੁ ਵਜ਼ਨਦਾਰ ਹੋ ਸਕਦਾ ਹੈ?

ਸ: ਅਜਮੇਰ ਸਿੰਘ ਨੇ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਸਮੇਂ ਪੜ੍ਹੇ ਜਾਂਦੇ ਭੱਟਾਂ ਦੇ ਸਵੱਯੇ, ਔਖੀ ਬਾਣੀ ਹੋਣ ਕਰਕੇ, ਬੰਦ ਕਰਨ ਦਾ ਸੁਝਾਅ ਦਿਤਾ ਹੈ। ਭੱਟਾਂ ਨੇ ਗੁਰ-ਦਰਬਾਰ ਵਿਚ ਖ਼ੁਦ ਹਾਜ਼ਰ ਹੋ ਕੇ ਸਵੱਯੇ ਪੜ੍ਹਨ ਦੀ ਰੀਤ ਤੋਰੀ ਸੀ। ਇਸ ਲਈ ਇਸ ਰੀਤ ਦਾ ਇਕ ਇਤਿਹਾਸਕ ਮਹੱਤਵ ਹੈ। ਇਸ ਇਤਿਹਾਸਕ ਮਹੱਤਵ ਵਾਲੀ ਰੀਤ ਨੂੰ ਤਿਆਗਣ ਦਾ ਸੁਝਾਅ ਦੇਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਅਸੀਂ ਜੇਕਰ ਇਸ ਬਾਣੀ ਦੀ ਅਰਥ-ਵਿਚਾਰ ਨਹੀਂ ਕੀਤੀ ਤਾਂ ਇਸ ਵਿਚ ਕਸੂਰ ਸਾਡਾ ਹੈ, ਹੋਰ ਕਿਸੇ ਦਾ ਨਹੀਂ। ਫਿਰ ਕੋਈ ਹੋਰ ਸੱਜਣ ਕੁਝ ਹੋਰ ਬਾਣੀਆਂ ਦੇ ਔਖੇ ਹੋਣ ਦੀ ਗੱਲ ਕਰਕੇ, ਉਨ੍ਹਾਂ ਦੇ ਗਾਇਨ ਤੇ ਵੀ ਇਤਰਾਜ਼ ਕਰ ਸਕਦੇ ਹਨ। ਇਹ ਰੁਝਾਨ ਕਿਸੇ ਤਰ੍ਹਾਂ ਵੀ ਪ੍ਰਵਾਨਗੀ ਯੋਗ ਨਹੀਂ। ਔਖ ਕੇਵਲ ਸਾਡੀ ਮਾਨਸਿਕਤਾ ਦੀ ਕਮਜ਼ੋਰੀ ਹੈ।

ਅਜਮੇਰ ਸਿੰਘ ਜੀ ਨੇ ਦੱਬਵੀਂ ਆਵਾਜ਼ ਵਿਚ ਅਰਦਾਸ ਵੀ ਬੰਦ ਕਰਨ ਦਾ ਸੁਝਾਅ ਦਿਤਾ ਹੈ। ਦਲੀਲ ਇਹ ਹੈ ਕਿ ਰੇਡੀਓ ਤੋਂ ਸੁਣਨ ਵਾਲੇ ਸਰੋਤੇ ਉਠ ਕੇ ਖੜੋਂਦੇ ਨਹੀਂ। ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰੋਗਰਾਮ ਰੇਡੀਓ ਪ੍ਰਸਾਰਨ ਲਈ ਨਹੀਂ ਕੀਤਾ ਜਾਂਦਾ, ਬਲਕਿ ਪ੍ਰਸਾਰਨ ਹਰਿਮੰਦਰ ਸਾਹਿਬ ਦੇ ਪ੍ਰੋਗਰਾਮ ਲਈ ਹੁੰਦਾ ਹੈ! ਨਿੱਤ ਦਾ ਪ੍ਰੋਗਰਾਮ ਪ੍ਰਥਮ ਹੈ ਤੇ ਰੇਡੀਓ ਪ੍ਰਸਾਰਨ ਦੁਜੈਲਾ ਕਾਰਜ ਹੈ। ਇਸ ਲਈ ਕੁਝ (ਰੇਡੀਓ) ਸਰੋਤਿਆਂ ਦੇ ਆਲਸ ਨੂੰ ਪ੍ਰਾਥਮਿਕ ਪ੍ਰੋਗਰਾਮ ਦੀ ਤਬਦੀਲੀ ਦਾ ਅਧਾਰ ਨਹੀਂ ਬਣਾਇਆ ਜਾ ਸਕਦਾ। ਰਾਸ਼ਟਰੀ-ਗਾਨ ਦੇ ਟੀ. ਵੀ.



www.AKJ.Org

ਅਥਵਾ ਰੇਡੀਓ ਪ੍ਰਸਾਰਨ ਸਮੇਂ ਕਿੰਨੇ ਕੁ ਲੋਕ ਸਾਵਧਾਨ ਹੁੰਦੇ ਹਨ ? ਫਿਰ ਕੀ ੧੫ ਅਗਸਤ ਵਾਲੇ ਦਿਨ ਰਾਸ਼ਟਰੀ-ਗਾਨ ਬੰਦ ਕਰ ਦੇਣਾ ਚਾਹੀਦਾ ਹੈ ?

ਅੰਤ ਵਿਚ, ਸ਼੍ਰੋਮਣੀ ਕਮੇਟੀ ਨੂੰ ਦਿੱਤੇ ਜਾਣ ਵਾਲੇ ਸੁਝਾਅ ਕਿਸੇ ਹੋਰ ਲੇਖ ਲਈ ਰਾਖਵੇਂ ਰੱਖਦਿਆਂ ਰੇਡੀਓ-ਸਰੋਤਿਆਂ ਨੂੰ ਕੁਝ ਬੇਨਤੀਆਂ ਕੀਤੀਆਂ ਜਾਂਦੀਆਂ ਹਨ :—

(ੳ) ਰੇਡੀਓ ਤੋਂ ਪ੍ਰਸਾਰਨ ਸੁਣਨ ਸਮੇਂ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਹਰਿਮੰਦਰ ਸਾਹਿਬ ਦੇ ਅਗੰਮੀ ਵਾਤਾਵਰਣ ਨਾਲ ਆਤਮਿਕ ਤੌਰ ਤੇ ਜੁੜੀਏ । ਉਸ ਵਾਤਾਵਰਣ ਨਾਲ ਜੁੜਨ ਲਈ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਸਤਿਗੁਰੂ ਜੀ ਦੀ ਹਾਜ਼ਰੀ ਨੂੰ ਆਪਣੇ ਨਿਕਟ ਮਹਿਸੂਸ ਕਰੀਏ । ਅਜਿਹਾ ਕਰਨ ਨਾਲ ਹੀ ਅਸੀਂ ਗੁਰਬਾਣੀ ਦਾ ਰਸ ਮਾਣਨ ਦੇ ਯੋਗ ਹੋ ਸਕਦੇ ਹਾਂ ।

(ਅ) ਕੀਰਤਨ ਦਾ ਪ੍ਰਥਮ ਪ੍ਰਯੋਜਨ ਆਤਮਿਕ ਤ੍ਰਿਪਤੀ ਹੈ ਤੇ ਦੁਜੈਲਾ ਪ੍ਰਯੋਜਨ ਸੁਹਜ-ਸੁਆਦ ਦੀ ਤ੍ਰਿਪਤੀ ਹੈ । ਮਹਿਜ਼ ਸੰਗੀਤ ਦੇ ਪੱਖ ਤੋਂ ਹੀ ਕੀਰਤਨ ਨੂੰ ਸਰਵਣ ਕਰਨਾ ਸਾਡੀ ਆਤਮਿਕ ਉਨਤੀ ਲਈ ਲਾਭਦਾਇਕ ਨਹੀਂ ਹੋਵੇਗਾ । ਨਿਰੀ ਨੁਕਤਾਚੀਨੀ ਕੀਤਿਆਂ ਵੀ ਹਾਸਲ ਕੁਝ ਨਹੀਂ ਹੁੰਦਾ । ਇਸ ਲਈ ਸਾਨੂੰ ਬਾਣੀ ਦੇ ਅੰਮ੍ਰਿਤ ਨੂੰ ਸਿਰਜਣਾਤਮਕ ਢੰਗ ਨਾਲ ਮਾਨਣਾ ਚਾਹੀਦਾ ।

(ੲ) ਜਿਨ੍ਹਾਂ ਪਿਆਰਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅਗੰਮੀ ਵਾਤਾਵਰਣ ਨੂੰ ਖ਼ੁਦ ਮਾਨਣ ਦਾ ਸੁਭਾਗ ਅਜੇ ਤੱਕ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕੁਝ ਦਿਨ ਵਿਹਲ ਕੱਢ ਕੇ ਇਸ ਅਗੰਮੀ ਵਾਤਾਵਰਣ ਦਾ ਅੰਗ ਬਣ ਕੇ ਇਸ ਨੂੰ ਖ਼ੁਦ ਹੰਢਾਣ । ਫਿਰ ਉਨ੍ਹਾਂ ਨੂੰ ਰੇਡੀਓ ਪ੍ਰਸਾਰਨ ਰਾਹੀਂ ਵੀ ਜ਼ਿਆਦਾ ਸੁਆਦ ਆਵੇਗਾ ।

---

## ਕੀਰਤਨ-ਉਤਸ਼ਾਹਤ ਸਕੀਮ ਅਧੀਨ ਬੱਚਿਆਂ ਨੂੰ ਸਿਰੋਪਾ

ਭਾ: ਸਾ. ਭਾਈ ਰਣਧੀਰ ਸਿੰਘ ਕੀਰਤਨ-ਉਤਸ਼ਾਹਤ ਸਕੀਮ ਅਧੀਨ ਖਾਲਸਾ ਰਹਿਤ ਵਿਚ ਪਰਪੱਕ, ਹੇਠ ਲਿਖੇ ਬੱਚਿਆਂ ਨੂੰ ਆਸਾ ਦੀ ਵਾਰ ਦਾ ਸ਼ਬਦਾਂ ਛੱਕਿਆਂ ਸਮੇਤ ਕੰਠਾਗਰ ਕੀਰਤਨ ਕਰਨ ਹਿਤ ਵਿਸਾਖੀ ੧੯੮੫ ਸਮਾਗਮ ਸਮੇਂ ਸਨਮਾਨਤ ਕੀਤਾ ਗਿਆ । ਤਿੰਨ ਬੱਚਿਆਂ ਵਿਚੋਂ ਇਕ ਬੱਚੇ ਦੀ ਤਿਆਰੀ ਕੋਈ ਨਹੀਂ ਸੀ । ਬਾਕੀ ਦੋ ਬੱਚਿਆਂ ਵਿਚੋਂ ਬੀਬੀ ਗੁਰਦੀਪ ਕੌਰ ਸਪੁਤਰੀ ਭਾਈ ਗੁਰਚਰਨ ਸਿੰਘ ਜੀ ਲੁਧਿਆਣਾ ਇਸ ਪ੍ਰੀਖਿਆ ਵਿਚੋਂ ਪੂਰੀ ਤਰ੍ਹਾਂ ਸਫਲ ਰਹੀ, ਜਿਸ ਕਰਕੇ ਇਸ ਨੂੰ ਪੰਜ ਸੌ ਰੁਪਏ, ਇਕ ਕੇਸਕੀ ਅਤੇ ਪੋਥੀ ਬਹੁ-ਸ਼ਬਦੀ ਆਸਾ ਦੀ ਵਾਰ ਦੇ ਕੇ ਸਨਮਾਨਤ ਕੀਤਾ ਗਿਆ । ਦੂਜਰੀ ਬੱਚੀ ਭਾਈ ਪ੍ਰੀਤ ਸਿੰਘ ਜੀ ਦਿਲੀ ਦੀ ਸਪੁਤਰੀ ਪਰਮਜੀਤ ਕੌਰ ਨੇ ਆਸਾ ਦੀ ਵਾਰ, ਛਕੇ ਅਤੇ ਸੰਬੰਧਤ ਸ਼ਬਦ ਬੜੇ ਸਰਲ ਤੇ ਸਪਸ਼ਟ ਬੜੇ ਸੁੰਦਰ ਢੰਗ ਨਾਲ ਸ੍ਰਵਣ ਕਰਵਾਏ, ਪਰ ਕੀਰਤਨ ਸੁਰ ਤਾਲ ਵਿਚ ਕਰਨ ਲਈ ਅਜੇ ਹੋਰ ਮਿਹਨਤ ਦੀ ਲੋੜ ਹੈ। ਇਸ ਬੱਚੀ ਨੂੰ ਇਕ ਸੌ ਇਕ ਰੁਪਏ, ਕੇਸਕੀ ਅਤੇ ਬਹੁ ਸ਼ਬਦੀ ਆਸਾ ਦੀ ਵਾਰ ਦੇ ਕੇ ਸਨਮਾਨਿਆ ਗਿਆ ਹੈ ।

ਦੇਖਣ ਵਿੱਚ ਆਇਆ ਹੈ ਕਿ ਜਦੋਂ ਤੋਂ ਅਖੰਡ ਕੀਰਤਨੀ ਜਥੇ ਵੱਲੋਂ, ਭਾ: ਸਾ: ਭਾ: ਰਣਧੀਰ ਸਿੰਘ ਕੀਰਤਨ-ਉਤਸ਼ਾਹਕ-ਸਕੀਮ ਚਲਾਈ ਗਈ ਹੈ ਓਦੋਂ ਤੋਂ ਬਹੁਤ ਸਾਰੇ ਕੀਰਤਨੀ ਬੱਚਿਆਂ ਦੀ ਰੁਚੀ ਜ਼ਬਾਨੀ ਕੀਰਤਨ ਕਰਨ ਵੱਲ ਹੋ ਗਈ ਹੈ। ਅਜਿਹੇ ਉਤਸ਼ਾਹ ਨੂੰ ਜਾਰੀ ਰੱਖਣ ਲਈ, ਜਿਹੜੇ ਵਿਅਕਤੀ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਬੱਚਿਆਂ ਨੂੰ ਕੇਵਲ ਉਨ੍ਹਾਂ ਸ਼ਬਦਾਂ ਦਾ ਹੀ ਕੀਰਤਨ ਸਿਖਾਇਆ ਕਰਨ ਜੇਹੜੇ ਸ਼ਬਦ ਬੱਚਿਆਂ ਨੂੰ ਜ਼ਬਾਨੀ ਯਾਦ ਹੋਣ । ਕੀਰਤਨ-ਅਖਾੜਿਆਂ ਵਿਚ ਭੀ ਬੱਚਿਆਂ ਨੂੰ ਜ਼ਬਾਨੀ ਕੀਰਤਨ ਕਰਨ ਲਈ ਹੀ ਉਤਸ਼ਾਹਤ ਕਰਨਾ ਚਾਹੀਦਾ ਹੈ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ



www.AKJ.Org

## ਮਿਲਟਰੀ ਇੰਨਟੈਰੋਗੇਸ਼ਨ ਸੈਂਟਰ

# ਤਿਬੜੀ ਵਿਚ ਬਿਤਾਏ ਕੁਝ ਦਿਨਾਂ ਦੀ ਵਿਥਿਆ

[ਸਾਥੀ ਗੁਰਮੀਤ ਸਿੰਘ ਜੀ]

ਅਤਿਵਾਦ ਦੇ ਵਿਰੋਧੀ ਇਕ ਕਮਿਊਨਿਸਟ ਵਰਕਰ ਉਪਰ ਮਿਲਟਰੀ ਵਲੋਂ ਪੁਛ-ਪੜਤਾਲ ਦੇ ਬਹਾਨੇ ਢਾਹੇ ਗਏ ਜ਼ੁਲਮਾਂ ਤੇ ਅਤਿਆਚਾਰਾਂ ਨੂੰ ਪੜ੍ਹ ਸੁਣ ਕੇ ਪਾਠਕ ਆਪ ਹੀ ਅੰਦਾਜ਼ਾ ਲਗਾਉਣ ਕਿ ਸਿਖ ਅਕੀਦੇ ਵਾਲੇ ਤੇ ਸਿਖੀ ਰਹਿਤ-ਰਹਿਣੀ ਵਾਲੇ ਨੌਜੁਆਨਾਂ ਨਾਲ ਇਨ੍ਹਾਂ ਇਨਟੈਰੋਗੇਸ਼ਨ ਸੈਂਟਰਾਂ ਵਿਚ ਕੀ ਕੀ ਵਾਪਰਦੀ ਹੋਵੇਗੀ। ਇਹ ਲੇਖ "ਸਮਤਾ" ਵਿਚੋਂ ਲੈ ਕੇ "ਤਰਕਸ਼" ਨੇ ਛਾਪਿਆ ਸੀ।—ਸੰਪਾਦਕ

੧੯ ਸਤੰਬਰ ਦੀ ਰਾਤ ਨੂੰ ਲਗਪਗ ੧੨ ਵਜੇ ਮਿਲਟਰੀ ਦੀ ਇਕ ਜੀਪ ਮੇਰੇ ਪਿੰਡ ਬਖ਼ਤਪੁਰ ਵਿਚ ਆਈ। ਉਨ੍ਹਾਂ ਸਿਧੇ ਮੇਰੇ ਘਰ ਜਾ ਕੇ ਮੇਰੀ ਪੁਛਗਿਛ ਕੀਤੀ। ਘਰਦਿਆਂ ਕਿਹਾ—ਉਹ ਤਾਂ ਕਦੇ ਕਦੇ ਪਿੰਡ ਆਉਂਦੇ। ਤਾਂ ਉਹ ਇਹ ਕਹਿੰਦੇ ਵਾਪਸ ਚਲੇ ਗਏ ਕਿ ਉਸ ਨੂੰ ਜਲਦੀ ਤੋਂ ਜਲਦੀ ਧਾਰੀਵਾਲ ਮਿਲਟਰੀ ਹੈਡ-ਕੁਆਟਰ ਭੇਜੋ। ਮੈਨੂੰ ਅਗਲੇ ਦਿਨ ਹੀ ਇਸ ਛਾਪੇ ਦਾ ਪਤਾ ਲਗ ਗਿਆ। ਸੋਚਿਆ ਕਿ ਹੋ ਸਕਦੈ ਮਿਲਟਰੀ ਨੂੰ ਗਲਤ-ਫ਼ਹਿਮੀ ਹੋ ਗਈ ਹੋਵੇ ਤੇ ਇਸ ਨੂੰ ਮਿਲ ਕੇ ਛੇਤੀ ਦੂਰ ਕਰ ਦਿਆਂਗੇ। ਕਿਉਂਕਿ ਅਸੀਂ ਤਾਂ ਅਤਵਾਦੀਆਂ ਦੇ ਸਖ਼ਤ ਖ਼ਿਲਾਫ਼ ਹਾਂ।

੨੧ ਸਤੰਬਰ—ਮੈਂ ਬਾਹਰੋਂ ਫ਼ੀਲਡ ਵਰਕ ਤੋਂ ਸ਼ਾਮੀਂ ਧਾਰੀਵਾਲ ਪੁੱਜਾ। ਮੈਨੂੰ ਅੱਗੇ ਦੋਸਤ ਗੁਲਜ਼ਾਰ ਸਿੰਘ ਤੇ ਇਕ ਹੋਰ ਸਾਥੀ ਮਿਲੇ ਤੇ ਅਸੀਂ ਚਾਹ ਪੀਣ ਬੈਠ ਗਏ। ਅਸੀਂ ਦੁਕਾਨ ਤੋਂ ਬਾਹਰ ਬੈਂਚਾਂ ਤੇ ਚਾਹ ਪੀ ਰਹੇ ਸਾਂ ਕਿ ਅਚਾਨਕ ਇਕ ਮਿਲਟਰੀ ਦੀ ਜੀਪ ਸਾਡੇ ਕੋਲ ਰੁਕੀ। ਜੀਪ ਚੋਂ ੮-੧੦ ਸਿਪਾਹੀਆਂ ਸਮੇਤ ਮੇਜਰ ਨੇ ਉਤਰਦਿਆਂ ਹੀ ਇਕ ਦੁਕਾਨਦਾਰ ਤੋਂ ਪੁਛਿਆ, 'ਕਾਮਰੇਡ ਸੋਹਣ ਕੀ ਦੁਕਾਨ ਕੌਨ ਸੀ ਹੈ?' 'ਇਹ ਹੈ ਸਾਥ ਵਾਲੀ।' ਤਾਂ ਮੇਜਰ ਨੇ ਸਾਡੇ ਕੋਲ ਆ ਕੇ ਗੁਲਜ਼ਾਰ ਨੂੰ ਉਠਾ ਲਿਆ, 'ਕੀ ਨਾਂ ਹੈ ਤੇਰਾ?' 'ਗੁਲਜ਼ਾਰ ਸਿੰਘ।' 'ਤੁਹਾਡੇ 'ਚੋਂ ਗੁਰਮੀਤ ਸਿੰਘ ਕੌਨ ਹੈ?' ਗੁਲਜ਼ਾਰ ਨੇ ਮੇਰੇ ਵੱਲ ਇਸ਼ਾਰਾ ਕਰ ਦਿਤਾ। 'ਵੋ ਤਾਂ ਪਜਾਮਾ ਕੁੜਤਾ ਪਹਿਨਤਾ ਹੈ'—ਇੰਨੇ ਨੂੰ ਮੈਂ ਨੇੜੇ ਚਲਾ ਗਿਆ। 'ਆਪ ਕਾ ਨਾਮ ਗੁਰਮੀਤ ਸਿੰਘ ਹੈ?' 'ਹਾਂ ਜਨਾਬ।' ਤੁਸੀਂ ਹਮਾਰੇ ਸਾਥ ਚਲਨਾ ਹੈ।' ਤੇ ਸਾਨੂੰ ਜੀਪ ਵਿਚ ਬਹਾ ਕੇ ਉਹ ਮਿਲਟਰੀ ਹੈਡ-ਕੁਆਰਟਰ ਲੈ ਗਏ। ਜਾਂਦਿਆਂ ਹੀ ਮੇਜਰ ਨੇ ਰਸੀਵਰ ਚੁਕਿਆ ਤੇ ਬੋਲਿਆ, 'ਆਪਕਾ ਕਾਮ ਹੋ ਗਿਆ ਹੈ—ਫੌਰੀ ਆਪ ਪਾਸ ਭੇਜ ਰਹਾ ਹੂੰ—' ਸ਼ਾਇਦ ਬਰਗੇਡੀਅਰ ਨਾਲ ਗੱਲ ਹੋ ਗਈ ਸੀ। ਮੇਜਰ ਨੇ ਮੈਨੂੰ ਤੇ ਗੁਲਜ਼ਾਰ ਨੂੰ ਕਰੀਬ ਅੱਧਾ ਘੰਟਾ ਸਵਾਲ ਪੁਛੇ ਤਾਂ ਇੰਨੇ ਨੂੰ ਮਿਲਟਰੀ ਗੱਡੀ ਆ ਕੇ ਗੇਟ ਸਾਹਮਣੇ ਲਗ ਗਈ। ਸਾਨੂੰ ਗੱਡੀ ਵਿਚ ਬਿਠਾ ਕੇ ੧੦-੧੫ ਸਿਪਾਹੀ ਨਾਲ ਬੈਠ ਗਏ। ਅਸੀਂ ਗੁਰਦਾਸਪੁਰ ਨੂੰ ਜਾ ਰਹੇ ਸਾਂ। ਮੈਂ ਸੋਚ ਰਿਹਾ ਸਾਂ ਕਿ ਸਾਡੀ ਪਾਰਟੀ-ਲਾਈਨ ਤਾਂ ਅਤਵਾਦ ਪ੍ਰਤੀ ਬਿਲਕੁਲ ਸਪੱਸ਼ਟ ਹੈ ਤੇ ਅਸੀਂ ਅਸਾਨੀ ਨਾਲ ਮਿਲਟਰੀ ਅਫ਼ਸਰਾ ਨੂੰ ਕਨਵਿਨਸ ਕਰ ਲਵਾਂਗੇ। ਮਿਲਟਰੀ ਗੱਡੀ ਗੌ: ਕਾਲਜ ਗੁਰਦਾਸਪੁਰ ਦੇ ਗੇਟ ਅੱਗੇ ਜਾ ਕੇ ਰੁਕੀ। ਸਾਡੀਆਂ ਅੱਖਾਂ ਸਾਡੀ ਹੀ ਪੱਗੜੀ ਨਾਲ ਤੇ ਹੱਥ ਪਿਛਲੇ ਪਾਸੇ ਕਰਕੇ ਰਸੀ ਨਾਲ ਬੰਨ੍ਹ ਦਿਤੇ ਗਏ। ਕਰੀਬ ਇਕ ਘੰਟਾ ਕਾਲਜ ਵਿਚ ਰੁਕਣ ਤੋਂ ਪਿਛੋਂ ਮਿਲਟਰੀ ਗੱਡੀ ਚਲਣੀ ਸ਼ੁਰੂ ਹੋਈ ਤੇ ਰੁਕਦੀ-ਰੁਕਾਂਦੀ ਇਕ ਘੰਟੇ ਬਾਅਦ ਆਪਣੀ ਮੰਜ਼ਿਲ ਤੇ ਪੁਜੀ। ਸਾਨੂੰ ਉਤਰਨ ਲਈ ਕਿਹਾ ਗਿਆ—ਇਕ ਚਾਵਾਂ ਭਰੀ ਆਵਾਜ਼ ਆਈ, 'ਕਿਤਨੇ ਆਏ ਬਈ?' ਅਸੀਂ ਹੇਠ ਉਤਰ ਆਏ। ਸਾਨੂੰ ਅੰਨ੍ਹਿਆਂ ਦੀ ਤਰ੍ਹਾਂ ਬਾਹਾਂ ਤੋਂ ਫੜ ਥੋੜੇ ਕਦਮ ਅੱਗੇ ਬਹਾ ਦਿਤਾ ਗਿਆ। 'ਆਪ ਕਾ ਕਿਆ ਨਾਮ ਹੈ?' ਇਕ ਗਰਜਵੀਂ ਆਵਾਜ਼ ਬੋਲੀ। ਅਸੀਂ ਆਪਣਾ ਨਾਂ ਤੇ ਹੋਰ ਪਤਾ ਲਿਖਵਾ ਦਿਤਾ। 'ਇਨ੍ਹਾਂ ਦੀਆਂ ਅੱਖਾਂ ਖੋਲ੍ਹ ਦਿਓ', ਇਕ ਪੰਜਾਬੀ ਆਵਾਜ਼ ਨੇ ਕਿਹਾ। ਅੱਖਾਂ ਖੁਲ੍ਹਣ ਤੇ ਅਸੀਂ ਦੇਖਿਆ ਕਿ ਸਾਹਮਣੇ ੫-੬ ਅਫਸਰ ਲੋਕ ਬੈਠੇ ਸਨ। ਅੱਖਾਂ ਖੋਲ੍ਹਣ ਦਾ ਹੁਕਮ ਦੇਣ ਵਾਲਾ ਸਰਦਾਰ ਸੀ ਤੇ ਉਹ ਕੁਝ ਸਾਡੇ ਨਾਲ ਖਰੀਆਂ



www.AKJ.Org

ਖਰੀਆਂ ਗੱਲਾਂ ਕਰ ਰਿਹਾ ਸੀ। ਸਾਨੂੰ ਰੋਟੀ ਪੁਛੀ ਗਈ ਤੇ ਸਾਡੀ ਇਛਾ ਜ਼ਾਹਰ ਕਰਨ ਤੇ ਕੁਝ ਵਧੀਆ ਘਟੀਆ ਰੋਟੀਆਂ ਤੇ ਚਾਵਲ ਖਾਣ ਲਈ ਦਿਤੇ ਗਏ। ਅਸੀਂ ਆਸੇ ਪਾਸੇ ਦੇਖ ਕੇ ਅੰਦਾਜ਼ਾ ਲਾ ਲਿਆ ਕਿ ਇਹ ਤਿਬੜੀ ਸੈਂਟਰ ਹੈ। ਕਰੀਬ ੯ ਵੱਜ ਚੁਕੇ ਸਨ। ਸਾਨੂੰ ਕਮਰੇ ਵਿਚ ਬੰਦ ਕਰ ਦਿਤਾ ਗਿਆ ਤੇ ਆਪੇ ਹੀ ਅੱਖਾਂ ਬੰਨ੍ਹ ਲੈਣ ਦਾ ਹੁਕਮ ਦਿਤਾ ਗਿਆ। ਕੁਝ ਸਮਾਂ ਖੜੇ ਰੱਖਣ ਤੋਂ ਬਾਅਦ ਸਾਨੂੰ ਸੌਣ ਲਈ ਕਿਹਾ। ਅਸੀਂ ਵੱਖੀ ਪਰਨੇ ਹੋ ਕੇ ਸੌਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਪਿਛੇ ਬਾਹਾਂ ਬੰਨ੍ਹੀਆਂ ਹੋਈਆਂ ਸਨ, ਪਰ ਸੁੱਤਾ ਨਹੀਂ ਸੀ ਜਾ ਰਿਹਾ।

੨੨ ਸਤੰਬਰ—ਸਵੇਰੇ ੪ ਵਜੇ ਹੀ ਇਕ ਤੇਜ਼ ਹਿੰਦੀ ਅਵਾਜ਼ ਨੇ ਸਾਨੂੰ ਖੜੇ ਹੋ ਜਾਣ ਦਾ ਹੁਕਮ ਦਿਤਾ। ੬ ਵਜੇ ਦੇ ਕਰੀਬ ਸਾਨੂੰ ਚਾਹ ਦਿਤੀ ਗਈ ਤੇ ਫਿਰ ਨਾਸ਼ਤੇ ਲਈ ੨-੨ ਪੂੜੀਆਂ। ਲਗ ਪਗ ੯ ਵਜੇ ੪-੫ ਅਫਸਰ ਸਾਨੂੰ ਜਾਲੀ ਦਰਵਾਜ਼ੇ ਸਾਹਮਣੇ ਦੀ ਲੰਘਦੇ ਦਿਸੇ। ਅਸੀਂ ਇਸ਼ਾਰਿਆਂ ਨਾਲ ਇਕ ਦੂਜੇ ਨੂੰ ਦਸਿਆ ਕਿ ਪੁਛਗਿਛ ਵਾਲੇ ਅਫਸਰ ਹੀ ਹਨ। ਇਕ ਵਰਦੀ ਵਾਲਾ ਅਫਸਰ ਤੇ ਇਕ-ਦੋ ਸਿਪਾਹੀ ਸਾਡੇ ਕੋਲ ਆ ਗਏ। ਇਹ ਡਾਕਟਰ ਸਾਹਿਬ ਸਨ। 'ਆਪ ਮੁਸਲਮਾਨ ਹੋ ਜਾਂ ਸਿੱਖ ?' ਡਾਕਟਰ ਨੇ ਸਾਨੂੰ ਕਿਹਾ। 'ਜਨਾਬ, ਅਸੀਂ ਸਿੱਖ ਹਾਂ।' ਤੇ ਫਿਰ ਸਾਨੂੰ ਨੰਗੇ ਕਰ ਕੇ ਸਾਡੀ ਸ਼ਨਾਖ਼ਤ ਕੀਤੀ ਗਈ। ਸ਼ਾਇਦ ਸ਼ਨਾਖ਼ਤ ਵਿਚ ਅਸੀਂ ਸਿੱਖ ਹੀ ਸਾਬਤ ਹੋਏ। ਸਾਡੀਆਂ ਅੱਖਾਂ ਫਿਰ ਬੰਨ੍ਹ ਦਿਤੀਆਂ ਗਈਆਂ ਤੇ ਫਿਰ ਅਸੀਂ ਨੇੜਿਓਂ ਹੀ ਅਵਾਜ਼ ਸੁਣੀ, 'ਗੁਲਜ਼ਾਰ ਸਿੰਘ ਨੂੰ ਲਿਆਓ'। ਦੋ ਸਿਪਾਹੀ ਬਾਹਾਂ ਤੋਂ ਫੜ ਗੁਲਜ਼ਾਰ ਨੂੰ ਅਫਸਰਾਂ ਸਾਹਮਣੇ ਲੈ ਗਏ...ਨਾਂ ਪਤਾ ਪੁਛਣ ਤੋਂ ਬਾਅਦ 'ਤੇਰੇ ਗੁਰਮੀਤ ਨਾਲ ਕੀ ਸੰਬੰਧ ਹਨ ?' 'ਮੈਂ ਜਨਾਬ ਮਿੱਲ ਵਿਚ ਵਰਕਰ ਹਾਂ ਤੇ ਉਹ ਯੂਨੀਅਨ ਦੇ ਤੌਰ ਤੇ ਮਜ਼ਦੂਰਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ, ਇਸ ਕਰਕੇ ਜਾਣੂ ਹੈ।' 'ਗੁਰਮੀਤ ਦੇ ਕਿਹੜੇ ਕਿਹੜੇ ਅਤਵਾਦੀਆਂ ਨਾਲ ਸੰਬੰਧ ਹਨ ?' 'ਜਨਾਬ, ਮੈਨੂੰ ਨਹੀਂ ਪਤਾ।' 'ਤੁਹਾਡੀ ਮਿਲ 'ਚੋਂ ਕਿੰਨੇ ਆਦਮੀ ਪਾਕਿਸਤਾਨ ਗਏ ਹਨ ?' 'ਜੀ ਕੋਈ ਪਤਾ ਨਹੀਂ'। 'ਸਾਲਿਓ ਤੁਹਾਨੂੰ ਸਭ ਪਤਾ ਹੈ, ਤੁਸੀਂ ਇਸ ਤਰ੍ਹਾਂ ਤਾਂ ਨਹੀਂ ਦਸੋਗੇ......' ਮੈਂ ਇਹ ਗੱਲਾਂ ਨੇੜੇ ਦੇ ਕਮਰੇ ਤੋਂ ਸੁਣ ਰਿਹਾ ਸਾਂ। ਕੁਝ ਹੋਰ ਪੁਛਣ ਤੋਂ ਪਿਛੋਂ ਅਫਸਰ ਬੋਲਿਆ, 'ਲੈ ਜਾਓ ਹਰਾਮੀ ਨੂੰ ਤੇ ਦੂਸਰੇ ਨੂੰ ਲਿਆਓ।' ਮੈਨੂੰ ਵੀ ਪੁਛਗਿੱਛ ਬੋਰਡ ਅਗੇ ਖੜੇ ਕਰ ਦਿਤਾ ਗਿਆ। 'ਕੀ ਨਾਉਂ ਤੇਰਾ...ਪਈ ਤੂੰ ਗੁਰੂ ਨਾਨਕ ਕਾਲਜ......ਹੜਤਾਲਾਂ ਕਰਦਾ ਰਿਹਾ ਨਾ ?' 'ਹਾਂ ਜਨਾਬ।' 'ਤਾਂ ਤੂੰ ਸਮਝ ਗਿਆ ਹੋਵੇਂਗਾ ਕਿ ਮੈਂ ਤੇਰੀ ਸਾਰੀ ਹਿਸਟਰੀ ਬਾਰੇ ਜਾਣਦਾ ਹਾਂ। ਇਸ ਕਰਕੇ ਸੱਚ ਸੱਚ ਦਸਣਾ ਪਵੇਗਾ.. ਇਹ ਦਸ ਪਈ ਤੇਰੇ ਨਾਲ ਛੀਨੇ-ਬਸ-ਕਾਂਡ ਵਿਚ ਕਿਹੜੇ ਕਿਹੜੇ ਹੋਰ ਆਦਮੀ ਸਨ ?' 'ਜਨਾਬ, ਅਸੀਂ ਤਾਂ ਇਨ੍ਹਾਂ ਗੱਲਾਂ ਦੇ ਸਖ਼ਤ ਵਿਰੋਧੀ ਹਾਂ। ਅਸੀਂ ਹੁਣ ਤਕ ਕਿੰਨੇ ਹੀ ਪੰਜਾਬ ਵਿਚ ਹਿੰਦੂ-ਸਿਖ ਏਕਤਾ ਲਈ ਪ੍ਰੋਗਰਾਮ ਕੀਤੇ ਹਨ। ਸਾਡਾ ਇਕ ਸਾਥੀ ਸੁਖਰਾਜ ਖਦਰ ਅਤਵਾਦੀਆਂ ਹਥੋਂ ਮਾਰਿਆ ਵੀ ਗਿਆ ਹੈ ਤੇ ਅਤਵਾਦੀ ਮੇਰਾ ਵੀ ਪਿਛਾ ਕਰਦੇ ਰਹੇ ਹਨ ..।' 'ਹਰਾਮੀਓ, ਮੈਂ ਸਭ ਜਾਣਦਾ ਹਾਂ ਕਿ ਤੁਸੀਂ ਲਿਖਦੇ ਕਹਿੰਦੇ ਕੁਝ ਹੋਰ ਹੋ ਤੇ ਕਰਦੇ ਕੁਝ ਹੋਰ...ਅਛਾ ਪਹਿਲਾਂ ਇਹ ਦੱਸ ਕਿ ਤੂੰ ੧੨ ਫਰਵਰੀ, ੧੯੯੧ ਨੂੰ ਇਕ ਅਹਿਮ ਗੱਲ ਕੀਤੀ ਸੀ, ਉਸ ਕੀ ਸੀ ?' ਥੋੜਾ ਸੋਚਣ ਤੋਂ ਪਿਛੋਂ ਮੈਂ ਕਿਹਾ, 'ਜਨਾਬ, ਕੋਈ ਹੜਤਾਲ ਵਗੈਰਾ ਹੋ ਸਕਦੀ ਹੈ...।' ਨਹੀਂ... ...ਤੂੰ ਸੁਖਜਿੰਦਰ ਸਿੰਘ ਰਾਹੀਂ ਭਿੰਡਰਾਂਵਾਲੇ ਨਾਲ ਮੀਟਿੰਗ ਕੀਤੀ ਸੀ।' ਮੈਨੂੰ ਖਿਆਲ ਆਇਆ...'ਜਨਾਬ, ਮੈਂ ਤਾਂ ਉਸ ਸਮੇਂ ਬਸ-ਕਰਾਇਆ-ਘੋਲ ਕਰਕੇ ਜੇਲ੍ਹ ਵਿਚ ਸਾਂ।' 'ਹੂੰ ! ਕਹਾਣੀ ਸੋਹਣੀ ਬਨਾਉਣੀ ਜਾਣਦਾ ਹੈਂ। ਮੈਨੂੰ ਪਤਾ ਹੈ ਕਿ ਤੂੰ ਜੁਤੀਆਂ ਕਾਫ਼ੀ ਖਾਣ ਗਿਝਾ ਹੈਂ। ਸਦਰ ਥਾਣੇ ਦਾ ਐਸ. ਐਚ. ਓ ਤੈਨੂੰ ਕਈ ਦਿਨ ਜੁਤੀਆਂ ਮਾਰਦਾ ਰਿਹਾ ਪਰ ਤੂੰ ਕੁਝ ਬਕਿਆ ਨਹੀਂ ਸੀ। ਪਰ ਬੱਚੂ ਇਹ ਪੁਲੀਸ ਨਹੀਂ, ਮਿਲਟਰੀ ਹੈ, ਇਥੇ ਤੂੰ ਹੀ ਨਹੀਂ, ਤੇਰਾ ਬਾਪ ਵੀ ਮੰਨੇਗਾ।' 'ਜਨਾਬ ' 'ਓ ਬੰਦ ਕਰ ਬਕਵਾਸ ਜਨਾਬ-ਜਨਾਬ ਦੀ...ਤੈਥੋਂ ਸਭ ਕੁਝ ਪੁਛ ਲਵਾਂਗਾ। ਤੂੰ ਇਹ ਦਸ ਕਿ ਤੂੰ ੧੨ ਦਸੰਬਰ ੧੯੯੩ ਨੂੰ ਧਾਰੀਵਾਲ ਵਿਚ ਕਿਹੜੀ ਇਕ ਅਹਿਮ ਘਟਨਾ ਕੀਤੀ ਸੀ ?' 'ਮੈਂ ਜੀ ਧਾਰੀਵਾਲ ਵਿਚ ਇਹਨੀਂ ਦਿਨੀਂ ਇਕ ਸਫ਼ਾਈ ਮਜ਼ਦੂਰਾਂ ਦਾ ਘੋਲ ਲੜਿਆ ਸੀ...ਓ ਨਹੀਂ...ਜਨਾਬ ਤੁਸੀਂ ਦਸ ਦਿਤੇ—' 'ਸਾਲਿਆ, ਮੈਂ ਹੀ ਤੈਨੂੰ ਸਾਰਾ ਕੁਝ ਦਸੀ ਜਾਵਾਂ...ਤੂੰ ਸਿਖ ਸਟੂਡੈਂਟਸ ਫੈਡਰੇਸ਼ਨ ਨਾਲ ਗੁਰਦੁਆਰੇ


www.AKJ.Org

ਬੁਰਜ ਸਾਹਿਬ ਮੀਟਿੰਗ ਕੀਤੀ ਸੀ ?' 'ਜਨਾਬ, ਇਹ ਕਿਵੇਂ ਹੋ ਸਕਦਾ ਹੈ, ਅਸੀਂ ਨਾਸਤਿਕ ਹਾਂ ਤੇ... ਫੈਡਰੇਸ਼ਨ ਨਾਸਤਿਕਾਂ ਨੂੰ ਆਪਣਾ ਮੁਖ ਦੁਸ਼ਮਣ ਸਮਝਦੀ ਹੈ.. ਤੇ ਫੈਡਰੇਸ਼ਨ ਦੀ ਸਾਰੀ ਲੜਾਈ ਫ਼ਿਰਕੂ ਹੈ, ਜਿਸਦੇ ਅਸੀਂ ਸਖ਼ਤ ਵਿਰੋਧੀ ਹਾਂ...' 'ਗੁਰਮੀਤ ਸਿਹਾਂ.. ਮੈਂ ਤੈਥੋਂ ਬੁਧੂ ਨਹੀਂ ਬਣਨ ਲਗਾ ।' ਮੈਨੂੰ ਹੋਰ ਲੰਮਾ ਚੌੜਾ ਪੁਛਣ ਤੋਂ ਬਾਅਦ ਵੱਖ ਕਮਰੇ ਵਿਚ ਬੰਦ ਕਰਦਿਆਂ ਕਿਹਾ ਕਿ ਤੈਨੂੰ ਸੋਚਣ ਲਈ ਹੋਰ ਸਮਾਂ ਦਿੰਦੇ ਹਾਂ...। ਅਫਸਰੀ ਬੋਰਡ ਚਲਾ ਗਿਆ.. ਅਸੀਂ ਖੜੇ ਸਾਂ ਤੇ ਖੜੇ ਰਖਣਾ ਉਹਨਾਂ ਵਲੋਂ ਅਰਾਮ ਦੇਣਾ ਸੀ। ਲਗਪਗ ੧੨ ਵਜੇ ਸਾਨੂੰ ਰੋਟੀ ਖਾਣ ਲਈ ਕਿਹਾ, ਸਾਡੀਆਂ ਅੱਖਾਂ ਖੋਲ੍ਹ ਦਿਤੀਆਂ । ਅਸੀਂ ਬਰਾਂਡੇ ਵਿਚ ਬੈਠ ਗਏ, ੬-੭ ਹੋਰ ਮੁਜਰਮ ਵੀ ਹੋਰ ਕਮਰਿਆਂ 'ਚੋਂ ਬਾਹਰ ਆਏ। ਮੈਂ ਕੁਝ ਚਿਹਰੇ ਪਛਾਣੇ, ਜੋ ਮੇਰੀ ਨਜ਼ਰੇ ਬੇ-ਗੁਨਾਹ ਸਨ–ਉਹ ਲੱਤਾਂ ਚੌੜੀਆਂ ਕਰ ਕੇ ਤੁਰ ਰਹੇ ਸਨ–ਉਹ ਮੁਸ਼ਕਲ ਨਾਲ ਬੈਠੇ ਇਹਨਾਂ ਵਿਚ ਕੁਝ ੫੮-੬੦ ਸਾਲ ਦੇ ਬਜ਼ੁਰਗ ਵੀ ਸਨ, ਜੋ ਸਹਿਮੇ ਹੋਏ ਨਜ਼ਰ ਆ ਰਹੇ ਸਨ। ਸਾਡਾ ਇਕ ਦੂਜੇ ਨਾਲ ਹਰ ਸਮੇਂ ਗਲਬਾਤ ਕਰਨਾ ਮਨ੍ਹਾ ਸੀ। ਇਸ ਕਰਕੇ ਮੈਂ ਅੱਖਾਂ ਹੀ ਅੱਖਾਂ ਨਾਲ ਉਹਨਾਂ ਦੀ ਹਾਲਤ 'ਤੇ ਉਹਨਾਂ ਨਾਲ ਅਫਸੋਸ ਕੀਤਾ । ਰੋਟੀ ਖਾ ਕੇ ਅਸੀਂ ਬਰਤਨ ਸਾਫ ਕੀਤੇ ਤੇ ਫਿਰ ਇਕ ਦੂਜੇ ਵਲ ਚੋਰੀ ਨਜ਼ਰ ਦੇਖਦੇ ਆਪਣੇ ਆਪਣੇ ਕਮਰੇ ਵਿਚ ਚਲੇ ਗਏ। ਥੋੜ੍ਹਾ ਸਮਾਂ ਬੈਠਣ ਬਾਅਦ ਫਿਰ ਅੱਖਾਂ ਬੰਦ, ਹੱਥ ਪਿਠ ਪਿਛੇ ਤੇ ਖੜੇ ਰਹਿਣ ਦਾ ਹੁਕਮ। ਸ਼ਾਮਾਂ ਪੈ ਗਈਆਂ ਸਨ। ਫਿਰ ਰੋਟੀ ਖਾਣ ਲਈ ਕਿਹਾ ਗਿਆ। ਹਰ ਇਕ ਨੇ ਥੋੜ੍ਹੀ ਥੋੜ੍ਹੀ ਰੋਟੀ ਖਾਧੀ ਸ਼ਾਇਦ ਸਹਿਮ ਕਰਕੇ ਤੇ ਉਨੀਂਦਰੇ ਰਹਿਣ ਲਈ। ਸ਼ਾਮ ੯ ਵਜੇ ਮਿਲਟਰੀ ਗਡੀ ਨੇ ਹੋਰ ੬–੭ ਨੌਜਵਾਨਾਂ ਨੂੰ ਲੈ ਕੇ ਬਰਾਂਡੇ ਨਾਲ ਪਿਠ ਆਣ ਲਾਈ। ਸੰਤਰੀ ਦੇਖ ਕੇ ਖ਼ੂਬ ਖੁਸ਼ ਨਜ਼ਰ ਆ ਰਹੇ ਸਨ। ਨੌਜਵਾਨਾਂ ਦੀ ਪੁਛ ਗਿਛ ਤੋਂ ਪਿਛੋਂ ਉਹਨਾਂ ਵਿਚੋਂ ਦੋ ਨੂੰ ਮੇਰੇ ਨਾਲ ਬੰਦ ਕਰ ਦਿਤਾ। ਜ਼ੁਮੇਵਾਰ ਅਫਸਰ ਆਪਣੇ ਬਿਸਤਰਿਆਂ ਵਿਚ ਜਾ ਚੁਕੇ ਸਨ। ਸੰਤਰੀਆਂ ਦੇ ਬੂਟਾਂ ਦਾ ਖੜਾਕਾ ਦਸ ਰਿਹਾ ਸੀ ਕਿ ਉਹ ਦਰਵਾਜ਼ਿਆਂ ਅੱਗੇ ਟਹਿਲ ਰਹੇ ਹਨ। ਕੁਝ ਸਮੇਂ ਬਾਅਦ ਇਕ ਸੰਤਰੀ ਨੇ ਸਾਨੂੰ ਅੱਖਾਂ ਖੋਲ੍ਹ ਦੇਣ ਲਈ ਕਿਹਾ। ਮੈਂ ਮਨ ਹੀ ਮਨ ਵਿਚ ਖੁਸ਼ੀ ਅਨੁਭਵ ਕੀਤੀ। ਸੰਤਰੀ ਨੇ ਬੈਠਕਾਂ ਮਾਰਨ ਦਾ ਹੁਕਮ ਦਿਤਾ। ਅਧੇ ਘੰਟੇ ਦੇ ਲਗਪਗ ਬੈਠਕਾਂ ਮਾਰਨ ਪਿਛੋਂ ਅਸੀਂ ਥੱਕ ਜਾਣ ਤੇ ਛਡ ਦੇਣ ਦਾ ਵਾਸਤਾ ਪਾਇਆ, ਕਿਉਂਕਿ ਲੱਤਾਂ ਹੋਰ ਬੈਠਕਾਂ ਮਾਰਨ ਤੋਂ ਅਸਮਰਥ ਸਨ। ਨਾਇਕ ਸੰਤਰੀ ਨੇ ਅਗਲਾ ਹੁਕਮ ਦਿਤਾ ਕਿ ਲੱਤਾਂ ਉਪਰ ਕੰਧ ਨਾਲ ਲਗਾ ਕੇ ਜ਼ਮੀਨ ਤੇ ਹੱਥ ਰੱਖ ਕੇ ਖੜੇ ਰਹੋ। ਮੈਂ ਇਸ ਤੋਂ ਅਨਜਾਣ ਦਸਦਿਆਂ ਸੰਤਰੀ ਨੂੰ ਪਹਿਲਾਂ ਕਰਕੇ ਦੱਸਣ ਲਈ ਕਿਹਾ। ਸੰਤਰੀ ਨੇ ਕਰਕੇ ਦੱਸ ਦਿਤਾ ਤੇ ਅਸੀਂ ਤਿੰਨੇ ਲੱਤਾਂ ਕੰਧ ਨਾਲ ਸਿਧੀਆਂ ਉਪਰ ਕਰਕੇ ਬਾਹਾਂ ਦੇ ਭਾਰ ਖੜੇ ਹੋ ਗਏ। ਮੁਸ਼ਕਲ ਨਾਲ ੧੦–੧੫ ਮਿੰਟ ਹੀ ਖੜਿਆ ਗਿਆ। ਮੈਂ ਤੇ ਮੇਰੇ ਨਾਲ ਦੇ ਬਾਰ ਬਾਰ ਮੂੰਹ ਪਰਨੇ ਡਿੱਗ ਰਹੇ ਸਾਂ। ਜਦ ਵੀ ਅਸੀਂ ਡਿੱਗਦੇ, ਸੰਤਰੀ ਖ਼ੂਬ ਹਾਸੀ ਮਾਰਦੇ ਤੇ ਫਿਰ ਪਹਿਲੀ ਪੋਜ਼ੀਸ਼ਨ ਲੈਣ ਲਈ ਕਹਿੰਦੇ। ਅਸੀਂ ਇਸ ਤਰ੍ਹਾਂ ਇਕ ਘੰਟਾ ਚਲਦੇ ਰਹੇ। ਮੇਰੇ ਸਾਥ ਦੇ ਨੌਜਵਾਨ, ਜੋ ਇਕ ੧੮–੧੯ ਸਾਲ ਤੇ ਦੂਸਰਾ ੨੦–੨੧ ਸਾਲ ਦਾ ਸੀ. ਜ਼ਿੰਦਗੀ ਵਿਚ ਪਹਿਲੀ ਵਾਰ ਹੀ ਇਹੋ ਜਿਹੇ ਸਮੇਂ ਨਾਲ ਟਕਰਾ ਰਹੇ ਸਨ, ਉਨ੍ਹਾਂ ਦੇ ਉੱਚੀ ਉੱਚੀ ਰੋਣ ਤੇ ਉਨ੍ਹਾਂ ਨੂੰ ਚੁਪ ਰਹਿਣ ਲਈ ਕ੍ਹਿਹਾ ਜਾ ਰਿਹਾ ਸੀ, ਤਾਂ ਜੁ ਨੇੜੇ ਸੁੱਤੇ ਅਫ਼ਸਰ ਡਿਸਟਰਬ ਨਾ ਹੋਣ। ਸਾਡੇ ਪਸੀਨੇ ਨਾਲ ਹੇਠ ਫਰਸ਼ ਗਿਲ੍ਹਾ ਹੋ ਚੁਕਾ ਸੀ। ਮੈਂ ਵੀ ਪੂਰੀ ਤਰ੍ਹਾਂ ਹਾਲੋਂ ਬੇਹਾਲ ਸਾਂ। ਸਾਡੀਆਂ ਮਿੰਨਤਾਂ ਦਾ ਸੰਤਰੀ ਉਪਰ ਕੋਈ ਅਸਰ ਨਹੀਂ ਸੀ ਹੋ ਰਿਹਾ। ਮੈਂ ਖੜਾ ਹੋ ਗਿਆ। ਓ ਸਾਲੇ ਖੜਾ ਹੋ ਗਿਆ, ਆਪ ਜਲਦੀ ਕਰੋਂ...ਜਨਾਬ ਨਹੀਂ ਹੋ ਰਿਹਾ...ਕਾਫੀ ਬਹਿਸ-ਮੁਬਾਹਸੇ ਤੋਂ ਬਾਅਦ ਸੰਤਰੀ ਬੋਲਿਆ, ਜੋ ਵਧ ਸਮਾਂ ਐਸੇ ਖੜਾ ਰਹੇਗਾ ਉਸਨੂੰ ਪਹਿਲਾਂ ਛੱਡ ਦਿਤਾ ਜਾਵੇਗਾ.. ਮੈਨੂੰ ਪਤਾ ਸੀ ਕਿ ਮੈਂ ਵਧ ਖੜਾ ਰਹਿ ਸਕਦਾ ਹਾਂ, ਪਰ ਮੈਨੂੰ ਰੋ ਰਹੇ ਸਾਥ ਦੇ ਸਾਥੀਆਂ ਉਪਰ ਤਰਸ ਆ ਰਿਹਾ ਸੀ ਤੇ ਸੰਤਰੀ ਤੇ ਗੁਸਾ। 'ਮੈਂ ਨਹੀਂ ਕਰ ਸਕਦਾ' ਮੈਂ ਅੜ ਖੜੋਤਾ ਅਛਾ ਬਈ ਤੁਸੀਂ ਬੈਠ ਜਾਓ... ਇਸ ਸਾਲੇ ਕੋ ਕਰਵਾ ਲੇਤੇ ਹੈਂ। ਸੰਤਰੀ ਡੰਡਾ ਲੈ ਕੇ ਅੰਦਰ ਆਇਆ ਤੇ ਮੇਰੇ ਢਿਡ ਵਿਚ ੫–੭ ਡੰਡੇ ਦੀਆਂ ਹੁਝਾਂ ਮਾਰ ਦਿੱਤੀਆਂ। ਮੈਂ ਚੁੱਪ ਤੇ ਅੜਿਆ ਰਿਹਾ । 'ਚਲੋ ਇਕ ਵਾਰ ਕਰ ਦੋਂ, ਫਿਰ ਛੋੜ ਦੇਂਗੇ।' ਮੈਂ ਫਿਰ ਅੜਿਆ ਰਿਹਾ ਤੇ ਕਿਹਾ, ਆਪ ਜੋ ਹਮਾਰੀ ਇਨਟੈਰੋਗੇਸ਼ਨ ਕਰ



www.AKJ.Org

ਰਹੇ!ਹੋ ਤਾਂ ਹਮ ਸੇ ਪੂਛੇਂ ਕਿਆ ਪੂਛਤੇ ਹੋ—ਕਿਉਂਕਿ ਮੈਂ ਸੋਚ ਰਿਹਾ ਸਾਂ ਕਿ ਇਹ ਸੰਤਰੀ ਆਪਣੇ ਸ਼ੁਗਲ ਲਈ (ਪੁਲਸ ਦੀ ਤਰ੍ਹਾਂ) ਹੀ ਸਾਨੂੰ ਤੰਗ ਕਰ ਰਹੇ ਹਨ .. 'ਅਛਾ ਸਵੇਰੇ ਦੇਖੇਂਗੇ', ਸੰਤਰੀ ਬੁੜਬੁੜਾਂਦਾ ਬਾਹਰ ਚਲਾ ਗਿਆ...ਹੋਰ ਕਮਰਿਆਂ ਵਿਚੋਂ ਵੀ ਰੋਣ ਤੇ ਤਰਲਿਆਂ ਦੀਆਂ ਆਵਾਜ਼ਾਂ ਸਾਨੂੰ ਸਾਫ ਸੁਣ ਰਹੀਆਂ ਸਨ। ਕਸ਼ਮਕਸ਼ ਪਿਛੋਂ ਸਾਨੂੰ ਥੋੜ੍ਹਾ ਸੌਣ ਦਾ ਮੌਕਾ ਮਿਲ ਗਿਆ।

੨੩ ਸਤੰਬਰ :—ਸੁਬਾ ੪ ਵਜੇ ਤੋਂ ਉਠ ਕੇ ਫਿਰ ਬੈਠਕਾਂ ਮਾਰਨ ਦਾ ਕੰਮ ਸ਼ੁਰੂ ਕਰਵਾ ਦਿਤਾ ਗਿਆ ਸੀ। ਅੱਖਾਂ ਤੇ ਹੱਥ ਰਾਤ ਦੇ ਹੀ ਬਧੇ ਹੋਏ ਸਨ। ਨਾਸ਼ਤਾ ਕਰਵਾਇਆ ਗਿਆ ਤੇ ਪਹਿਲੇ ਦਿਨ ਵਾਲੇ ਟਾਈਮ ਤੇ ਹੀ ਪਹਿਲਾਂ ਡਾਕਟਰ ਆਇਆ ਤੇ ਫਿਰ ਪੁਛ-ਗਿਛ ਬੋਰਡ। ਡਾਕਟਰ ਨੇ ਆਪਣੀ ਕੱਟੜ ਫਿਰਕੂ ਸੋਚ ਅਨੁਸਾਰ ਆਉਂਦਿਆਂ ਹੀ ਸੰਤਰੀਆਂ ਤੋਂ ਪੁਛਿਆ, 'ਕਿਉਂ ਰਾਤ ਤਸੱਲੀ ਪੂਰੀ ਕਰਵਾਈ ਹੈ ਕਿ ਨਹੀਂ ?' ਇਨ ਸਾਲੋਂ ਕੋ ਖਿਲਆਰਾ ਹੂਆ ਤੋ ਚਲੇ ਟਾਂਗੇ ਉਪਰ ਹਾਥ ਨੀਚੇ ਡਾਕਟਰ ਨੇ ਇਕ ਹੀ ਗੱਲ ਵਿਚ ਸੰਤਰੀਆਂ ਨੂੰ ਘੂਰਿਆ ਤੇ ਸਾਨੂੰ ਨਵਾਂ ਹੁਕਮ ਦੇ ਦਿੱਤਾ। ਅਸੀਂ ਰਾਤ ਵਾਲੀ ਪੁਜ਼ੀਸ਼ਨ ਤੇ ਖੜੇ ਹੋ ਗਏ। ਰਾਤ ਵਾਲੇ ਸੰਤਰੀ ਬਦਲ ਚੁਕੇ ਸਨ, ਜਿਸ ਕਰਕੇ ਸ਼ਿਕਾਇਤ ਨਾ ਹੋ ਸਕੀ। ਬੋਰਡ ਨੇ ਫਿਰ ਸਾਨੂੰ ਇਕੱਲੇ ਇਕੱਲੇ ਨੂੰ ਬੁਲਾਉਣਾ ਸ਼ੁਰੂ ਕਰ ਦਿਤਾ। ਮੈਂ ਆਪਣੇ ਸਾਥ ਦਿਆਂ ਨੂੰ ਹੌਲੀ-ਦਲੇਰੀ ਦੇ ਰਿਹਾਂ ਸਾਂ ਕਿ ਠੀਕ ਬਿਆਨ ਦੇਵੇ। ਮੈਨੂੰ ਬੁਲਾਇਆ ਗਿਆ, ਫਿਰ ਪੁਰਾਣੇ ਸੁਆਲ ਮੇਰੇ ਉਪਰ ਕੀਤੇ ਗਏ ਤੇ ਮੈਂ ਫਿਰ ਵਿਆਖਿਆ ਸਹਤ ਉਨ੍ਹਾਂ ਸੁਆਲਾਂ ਦਾ ਜੁਆਬ ਦਿੱਤਾ। ਸ਼ਾਮ ਨੂੰ ਫਿਰ ਬੋਰਡ ਆਇਆ ਤੇ ਫਿਰ ਉਹੀ ਪੁਛ ਗਿਛ। ੭ ਵਜੇ ਦੇ ਕਰੀਬ ਟੈਲੀਫੋਨ ਰਾਹੀਂ ਹੈਡ ਮੁਨਸ਼ੀ ਕੁਝ ਨਾਂ ਬੋਲ ਬੋਲ ਦੱਸ ਰਿਹਾ ਸੀ ਤੇ ਨਾਵਾਂ ਦੇ ਅਗੇ ਬਲੈਕ-ਵਾਈਟ ਰੀਮਾਰਕਸ ਵੀ ਬੋਲ ਰਿਹਾ ਸੀ। ਇਹ ਰੀਮਾਰਕਸ ਪੁਛ ਗਿਛ ਬੋਰਡ ਵਲੋਂ ਲਿਖੇ ਹੋਏ ਸਨ। ਇਹਨਾਂ ਨਾਵਾਂ ਵਿਚ ਸਾਡਾ ਵੀ ਨਾਮ ਬੋਲਿਆ ਗਿਆ, ਪਰ ਸਾਡੇ ਨਾਮ ਨਾਲ ਬਲੈਕ ਰੀਮਾਰਕਸ ਸੀ। ਸ਼ਾਮ ਨੂੰ ਇਕ ਮਿਲਟਰੀ ਗੱਡੀ ਆਈ ਤਾਂ ੬—੭ ਹੋਰ ਆਦਮੀਆਂ ਦੇ ਨਾਲ ਮੈਨੂੰ ਤੇ ਗੁਲਜ਼ਾਰ ਸਿੰਘ ਨੂੰ ਬਾਹਰ ਕੱਢ ਲਿਆ ਤੇ ਤਿਆਰ ਹੋਣ ਲਈ ਕਿਹਾ। ਮੈਂ ਸੋਚ ਰਿਹਾ ਸਾਂ ਅਫਸਰੀ ਬੋਰਡ ਨੂੰ ਸਾਡੇ ਤੇ ਯਕੀਨ ਆ ਗਿਆ, ਜਿਸ ਕਰਕੇ ਸਾਨੂੰ ਭੇਜਿਆ ਜਾ ਰਿਹਾ ਹੈ। ਪਰ ਮਿਲਟਰੀ ਗੱਡੀ ਥਾਣਾ ਸਦਰ ਗੁਰਦਾਸਪੁਰ ਅਗੇ ਆ ਰੁਕੀ ਤੇ ੧-੨ ਵਿਅਕਤੀਆਂ ਨੂੰ ਛੱਡ ਕੇ ਬਾਕੀ ਥਾਣੇ ਵਿਚ ਜਮ੍ਹਾ ਕਰਵਾ ਦਿਤੇ ਗਏ। ੧—੨ ਵਿਅਕਤੀ ਸ਼ਾਇਦ ਵਾਈਟ ਸਨ ਤੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਸੀ।

੨੪ ਤੇ ੨੫ ਨੂੰ ਅਸੀਂ ਥਾਣੇ ਵਿਚ ਹੀ ਰਹੇ। ਇਥੇ ਕੁਝ ਪਾਰਟੀ ਮੈਂਬਰ ਤੇ ਹੋਰ ਦੋਸਤ ਮਿਲੇ, ਜਿਨ੍ਹਾਂ ਨੇ ਕਿਹਾ ਕਿ ਅਸੀਂ ਲਗਾਤਾਰ ਸੈਂਕੜੇ ਲੋਕ ਮਿਲਟਰੀ ਅਫਸਰਾਂ ਨੂੰ ਮਿਲਣ ਦੀ ਕੋਸ਼ਿਸ਼ ਵਿਚ ਰਹੇ ਹਾਂ, ਪਰ ਉਹ ਮਿਲਣ ਤੋਂ ਇਨਕਾਰੀ ਰਹੇ ਹਨ।

੨੫ ਸ਼ਾਮ ਨੂੰ ਥਾਣੇ ਵਿਚ ਉਹੀ ਨਾਇਕ ਸੂਬੇਦਾਰ ਆਇਆ ਜੋ ਸਾਨੂੰ ਇਥੇ ਛਡ ਕੇ ਗਿਆ ਸੀ ਤੇ ਮੇਰਾ ਤੇ ੫—੬ ਹੋਰ ਨੌਜਵਾਨਾਂ ਦਾ, ਜਿਨ੍ਹਾਂ ਦੀ ਉਮਰ ੧੫—੨੫ ਸਾਲ ਦੇ ਦਰਮਿਆਨ ਸੀ, ਨਾਂ ਬੋਲਿਆ ਗਿਆ ਅਤੇ ਸਾਨੂੰ ਫਿਰ ਤਿਬੜੀ ਸੈਂਟਰ ਲੈ ਗਏ। ਪੁਛ ਗਿਛ ਤੋਂ ਪਿਛੋਂ ਅਸੀਂ ਸਾਰੇ ਇਕ ਹੀ ਕਮਰੇ ਵਿਚ ਬੰਦ ਕਰ ਦਿਤੇ ਗਏ। ਡਿਊਟੀ ਤੇ ਨਾਇਕ ਸੰਤਰੀ ਉਹ ਹੀ ਸੀ ਜਿਸ ਨਾਲ ਸਾਡੀ ਪਹਿਲਾਂ ਕਸ਼ਮਕਸ਼ ਹੋਈ ਸੀ। ਥੋੜੀ ਦੇਰ ਬਾਅਦ ਹਨੇਰੇ ਪਏ, ਉਹ ਅੰਦਰ ਆਇਆ ਤੇ ਸਾਡੀਆਂ ਪਿਠਾਂ ਵਿਚ ਇਕ ਇਕ ਸੋਟੀ ਠਕੋਰ ਗਿਆ, ਪਰ ਮੇਰੇ ਪਤਾ ਨਹੀਂ ਉਸਨੇ ਕਿਉਂ ਨਾ ਮਾਰੀ। ਦਰਵਾਜ਼ੇ ਤੋਂ ਨਾਇਕ ਸੂਬੇਦਾਰ, ਜੋ ਸਰਦਾਰ ਸੀ, ਉਸਦੀ ਆਵਾਜ਼ ਆਈ, ਪਈ ਤੂੰ ਸੋਟੀ ਲੈ ਕੇ ਕਿਉਂ ਅੰਦਰ ਗਿਆ, ਤੈਨੂੰ ਨਹੀਂ ਪਤਾ ਸੋਟੀ ਤੇ ਰਾਈਫਲ ਅੰਦਰ ਖੜਨਾ ਮਨ੍ਹਾ ਹੈ, ਉਹ ਨਾਇਕ ਸੰਤਰੀ ਨੂੰ ਕਹਿ ਰਿਹਾ ਸੀ। ਤਾਂ ਮੈਂ ਸਰਦਾਰ ਨੂੰ ਹਮਦਰਦੀ ਕਰਦਾ ਵੇਖ ਕੇ ਬੋਲ ਪਿਆ ਕਿ ਜਨਾਬ ਇਹ ਸਾਨੂੰ ਮਾਰ ਰਿਹਾ ਹੈ। ਸਰਦਾਰ ਸੰਤਰੀ ਨੂੰ ਘੂਰਦਾ ਵਾਪਸ ਜਾ ਕੇ ਸੌਂ ਗਿਆ। ੫—੭ ਮਿੰਟ ਬਾਅਦ ਹੀ ਉਹ ਸੰਤਰੀ ਅੰਦਰ ਆਇਆ ਤੇ ਉਸਨੇ ਵਡੇ ਬੂਟਾਂ ਦੇ ਠੁਡਾਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿਤਾ। ਠੁਡ ਮੇਰੀਆਂ ਵਖੀਆਂ ਵਿਚ ਮਾਰ ਰਿਹਾ ਸੀ ਤੇ ਕਹਿ ਰਿਹਾ ਸੀ—ਸਾਲੇ ਸ਼ਿਕਾਇਤ ਕਰਤਾ ਹੈ। ੪੦—੫੦ ਠੁਡ ਮਾਰਨ ਤੇ ਵੀ



www.AKJ.Org

ਉਸ ਦੀ ਤਸੱਲੀ ਨਾ ਹੋਈ ਤੇ ਫਿਰ ੫ ਮਿੰਟ ਬਾਅਦ ਹੈਡ ਮੁਨਸ਼ੀ ਨੂੰ ਲੈ ਆਇਆ ਤੇ ਫਿਰ ਉਨ੍ਹਾਂ ਦੋਨਾਂ ਨੇ ਡੰਡਿਆਂ ਤੇ ਮੁਕਿਆਂ ਦੀ ਵਾਛੜ ਲੇ ਆਂਦੀ। ਪੂਰੀ ਤਸੱਲੀ ਕਰਨ ਤੋਂ ਬਾਅਦ ਬਾਹਰ ਚਲੇ ਗਏ। ਮੇਰੇ ਸਾਥ ਆਏ ਨੌਜਵਾਨ ਕਮਰੇ ਦੀਆਂ ਵੱਖ ਵੱਖ ਨੁਕਰਾਂ ਵਿਚ ਸਹਿਮੇ ਪਏ ਸਨ ਜਦ ਬੂਟਾਂ ਦਾ ਖੜਾਕਾ ਦਰਵਾਜ਼ੇ ਤੋਂ ਦੂਰ ਗਿਆ ਤਾਂ ਮੈਂ ਉਨ੍ਹਾਂ ਨੂੰ ਹੌਸਲਾ ਦਿਤਾ, ਘਾਬਰਨਾ ਨਹੀਂ...ਕਾਫੀ ਰਾਤ ਅੱਖਾਂ ਤੇ ਹੱਥ ਬੰਨ੍ਹੀ ਅਸੀਂ ਖੜੇ ਰਹੇ। ੨—੩ ਘੰਟੇ ਅਰਾਮ ਤੋਂ ਬਾਅਦ ਫਿਰ ਰੋਜ਼ ਦੀ ਤਰ੍ਹਾਂ ਸੁਬਹ ੪ ਵਜੇ ਖੜੇ ਹੋਣ ਦਾ ਨਵੇਂ ਸੰਤਰੀ ਵਲੋਂ ਹੁਕਮ ਆਇਆ। ਟੱਟੀ-ਪਿਸ਼ਾਬ ਤੇ ਨਾਸ਼ਤੇ ਤੋਂ ਬਾਅਦ ਡਾਕਟਰ ਆ ਗਿਆ ਤੇ ਉਸ ਨੇ ਦੁਖ-ਤਕਲੀਫ ਪੁਛਣ ਦੀ ਬਜਾਏ ਹਰ ਰੋਜ਼ ਦੀ ਤਰ੍ਹਾਂ ਲਤਾਂ ਉਪਰ ਹੱਥ ਨੀਚੇ ਤੇ ਬੈਠਕਾਂ ਆਦਿ ਮਾਰਨ ਦਾ ਹੁਕਮ ਦਿਤਾ। ਪੁਛ ਗਿਛ ਬੋਰਡ ਵੀ ਆ ਚੁਕਾ ਸੀ। ਮੈਨੂੰ ਪੇਸ਼ ਕੀਤਾ ਗਿਆ। ਪੁਰਾਣੇ ਸਵਾਲਾਂ ਤੋਂ ਇਲਾਵਾ ਮੈਨੂੰ ਕਿਹਾ ਕਿ ਤੈਨੂੰ ਇਕ ਔਰਤ ਪਛਾਣਦੀ ਹੈ ਕਿ ਤੂੰ ਛੀਨੇ ਕਤਲ ਕੀਤੇ ਹਨ, ਔਰਤ ਵੀ ਅਸੀਂ ਜਲਦੀ ਲੈ ਕੇ ਆਵਾਂਗੇ, ਤੈਨੂੰ ਮੰਨ ਜਾਣਾ ਚਾਹੀਦਾ ਹੈ। ਅਫਸਰ ਨੇ ਅਗੇ ਕਿ ਤੂੰ ਡਾਕਟਰ...(ਜੋ ਧਾਰੀਵਾਲ ਦੀ ਇਕ ਕਮਿਊਨਿਸਟ ਪਾਰਟੀ ਨਾਲ ਸਬੰਧਤ ਹੈ) ਦੇ ਕਹਿਣ ਉਪਰ ਡਾ: ਸ਼ਾਂਤੀ ਦਾ ਕਤਲ ਕੀਤਾ ਹੈ ਕਿਉਂਕਿ ਡਾਕਟਰ ਤੇਰਾ ਦੋਸਤ ਹੈ। 'ਜਨਾਬ ਮੇਰੀ ਪਾਰਟੀ ਡਾਕਟਰ ਨਾਲੋਂ ਵੱਖਰੀ ਹੈ। ਮੈਂ ਸੀ.ਪੀ.ਆਈ. (ਐਮ. ਐਲ.) ਨਾਲ ਸੰਬੰਧਤ ਹਾਂ।' ਮੇਰੇ ਦਿਮਾਗ਼ ਵਿਚ ਇਕ-ਦੰਮ ਆ ਗਿਆ ਕਿ ਡਾਕਟਰ ਦੇ ਆਪਣੀ ਪਾਰਟੀ ਵਿਚ ਸਖ਼ਤ ਵਿਰੋਧ ਹਨ ਤੇ ਉਨ੍ਹਾਂ ਵਿਰੋਧਾਂ ਕਰਕੇ ਇਹ ਚੱਕਰ 'ਕਾਮਰੇਡਾਂ' ਦੇ ਉਘੇ ਅਸੈਂਬਲੀ ਨੇਤਾ ਵਲੋਂ ਚਲਾਇਆ ਗਿਆ ਹੈ। ਕੁਝ ਹੋਰ ਇਸ ਤਰ੍ਹਾਂ ਦੇ ਸਵਾਲ ਮੈਨੂੰ ਪੁਛੇ ਗਏ, ਜੋ ਸਾਫ ਸਪਸ਼ਟ ਕਰਦੇ ਸਨ ਕਿ ਆਈ.ਬੀ. ਦੇ ਇਕ ਇੰਸਪੈਕਟਰ ਰਾਹੀਂ 'ਅਖੌਤੀ ਕਮਿਊਨਿਸਟ' ਨੇਤਾ ਨੇ ਇਹ ਚੱਕਰ ਚਲਾਇਆ ਹੈ। ਮੈਂ ਪੁੱਛ ਗਿਛ ਬੋਰਡ ਨੂੰ ਸਪਸ਼ਟ ਕੀਤਾ ਕਿ ਮੇਰੀ ਪਾਰਟੀ ਧਾਰੀਵਾਲ ਦੀ ਹੋਰ ਪਾਰਟੀਆਂ ਨਾਲ ਮਿਲ ਕੇ ਸਾਂਝੇ ਪਰੋਗਰਾਮ ਕਰਦੀ ਰਹੀ ਹੈ ਤੇ ਮੇਰੀ ਡਾਕਟਰ ਨਾਲ ਇੰਨੀ ਹੀ ਸਾਂਝ ਸੀ। ਮੇਰੇ ਨਾ ਮੰਨਣ ਤੇ ਅਫਸਰੀ ਹੁਕਮ ਚੜ੍ਹ ਗਿਆ, ਇਸਦੀ ਖੂਬ ਤਸੱਲੀ ਕਰਵਾਈ ਜਾਵੇ। ਮੈਨੂੰ ਦੋ ਸੰਤਰੀ ਜੱਲਾਦਾਂ ਦੇ ਰੂਪ ਵਿਚ ਫੜ ਕੇ ਬਾਹਰ ਲੈ ਗਏ। ਸਾਜ਼ੋ ਸਾਮਾਨ ਇਕੱਠਾ ਕਰ ਲਿਆ ਗਿਆ। ਮੇਰੀਆਂ ਅੱਖਾਂ ਪਹਿਲਾਂ ਹੀ ਬੱਧੀਆਂ ਹੋਈਆਂ ਸਨ। ਮੈਨੂੰ ਬੌਂਡ (ਬਾਹਾਂ ਉਪਰ ਲੱਤਾਂ ਅੱਧੀਆਂ ਚੁਕਾ ਕੇ ਖੜੇ ਰਹਿਣਾ) ਹੋਣ ਲਈ ਕਿਹਾ, ੧੦—੧੫ ਮਿੰਟ ਕਰਨ ਤੋਂ ਪਿਛੋਂ ਡਾਂਗਾਂ ਦੀ ਵਾਛੜ, ਬੰਦੂਕ ਦੇ ਬੱਟ, ਹੂਰੇ, ਠੁਡੇ ਤੇ ਪਤਾ ਨਹੀਂ ਕੀ ਕੁਝ ਵੱਜਣਾ ਸ਼ੁਰੂ ਹੋ ਗਿਆ, ਫਿਰ ਲੱਤਾਂ ਉਪਰ ਬਾਹਾਂ ਨੀਚੇ, ਡਾਂਗਾਂ, ਬੱਟ, ਘਸੁੰਨ, ਠੁਡੇ ਸਾਥ ਸਾਥ ਚਲਦੇ ਰਹੇ ਤੇ ਫਿਰ ਐਕਸਰਸਾਈਜ਼ਾਂ, ਲਗਪਗ ੯ ਵਜੇ ਤੋਂ ਚਾਰ ਵਜੇ ਤੱਕ ਇਹ ਦੌਰ ਚਲਦਾ ਰਿਹਾ। ਮੈਂ ਇਸ ਸਮੇਂ ਵਿਚ ੪—੫ ਵਾਰ ਬੇਹੋਸ਼ ਹੋਇਆ। ਜਦ ਵੀ ਮੇਰੀ ਚੀਕ ਨਿਕਲਦੀ, ਮੂੰਹ ਵਿਚ ਕੱਪੜਾ ਤੁੰਨ ਦਿਤਾ ਜਾਂਦਾ, ਜ਼ਿਆਦਾ ਸਾਹ ਬੰਦ ਹੋਣ ਤੇ ਬਾਹਰ ਕੱਢ ਲਿਆ ਜਾਂਦਾ ਜਾਂ ਚੀਕ ਸਮੇਂ ਪੈਰ ਦਾ ਠੁਡਾ ਹੀ ਮੂੰਹ ਵਿਚ ਦੇ ਦਿਤਾ ਜਾਂਦਾ। ਤੇ ਮੈਨੂੰ ਬਾਰ ਬਾਰ ਕਿਹਾ ਜਾ ਰਿਹਾ ਸੀ ਕਿ ਸਾਲੇ ਦਸ, ਕਿਤਨੇ ਆਦਮੀ ਮਾਰੇ ਹਨ? ਅਫਸਰੀ ਬੋਰਡ ਪਹਿਲਾਂ ਹੀ ਜਾ ਚੁੱਕਾ ਸੀ। ਸ਼ਾਮੀ ੫ ਵਜੇ ਫਿਰ ਬੋਰਡ ਨੇ ਆ ਕੇ ਮੈਥੋਂ ਪੁਛ-ਗਿਛ ਸ਼ੁਰੂ ਕਰ ਦਿਤੀ, ਪਰ ਮੈਂ ਕਿਵੇਂ ਮੰਨ ਜਾਂਦਾ ਕਿ ਮੇਰੇ ਅਤਵਾਦੀਆਂ ਨਾਲ ਸੰਬੰਧ ਸਨ। ਬੋਰਡ ਆਖ਼ਰ ਫਿਰ ਹੁਕਮ ਦੇ ਗਿਆ ਕਿ ਰਾਤ ਇਸਦੀ ਹੋਰ ਤਸੱਲੀ ਕਰਾਉਣੀ ਹੈ। ਮੇਰੇ ਕਮਰੇ ਵਿਚ ਬੰਦ ਨੌਜਵਾਨਾਂ ਉਪਰ ਵੀ ਬੇਤਹਾਸ਼ਾ ਜਬਰ ਕੀਤਾ ਗਿਆ। ਸ਼ਾਮ ਨੂੰ ਰੋਟੀ ਲਈ ਕਿਹਾ ਗਿਆ। ਸਰੀਰ ਰੋਟੀ ਖਾਣ ਜੋਗਾ ਨਹੀਂ ਸੀ ਰਿਹਾ। ਸੰਤਰੀ ਜ਼ਬਰਦਸਤੀ ਰੋਟੀ ਖਵਾ ਰਹੇ ਸਨ। ਮੈਂ ਔਖੇ ਸੌਖੇ ਇਕ ਰੋਟੀ ਖਾਧੀ। ਰੋਟੀ ਪਿਛੋਂ ਫਿਰ ਖੜ੍ਹੇ ਰਹਿਣ ਦਾ ਹੁਕਮ ਸੀ, ਪਰ ਮੈਥੋਂ ਖਲੋਤਾ ਨਹੀਂ ਸੀ ਜਾ ਰਿਹਾ, ਮੈਂ ਬਾਰ ਬਾਰ ਡਿਗ ਰਿਹਾ ਸਾਂ ਤੇ ਇਸ ਕਰਕੇ ਮੈਨੂੰ ਬਾਰ ਬਾਰ ਠੁੱਡੇ ਵੱਜ ਰਹੇ ਸਨ। ਕਰੀਬ ਰਾਤ ਦੇ ੯ ਵੱਜ ਚੁਕੇ ਸਨ। ਮੈਂ ਇਕੱਲਾ ਹੀ ਬੰਦ ਸਾਂ। ੪—੫ ਅਫਸਰ ਸ਼ਰਾਬ ਵਿਚ ਗੁਟ ਹੋਏ ਆਏ। ਸੰਤਰੀ ਬੋਲਿਆ, ਇਹ ਸਾਲਾ ਬਹੁਤ ਪੱਕਾ ਖਾਲਿਸਤਾਨੀ ਹੈ। ਕੁਝ ਵੀ ਮਾਨ (ਮੰਨ) ਨਹੀਂ ਰਿਹਾ। ਅਫਸਰ ਅੰਦਰ ਆ ਗਏ। ਮੇਰੀਆਂ ਲੱਤਾਂ ਪਾੜਨੀਆਂ ਸ਼ੁਰੂ ਕਰ ਦਿਤੀਆਂ।



www.AKJ.Org

ਮੈਂ ਬਾਰ ਬਾਰ ਬੇਹੋਸ਼ ਹੋ ਰਿਹਾ ਸਾਂ। ਤਾਂ ਇਹ ਸੱਚ ਹੈ ਕਿ ਉਹ ਸ਼ੁਗਲ ਵਜੋਂ ਇਹ ਕਾਰਵਾਈ ਕਰੀ ਜਾ ਰਹੇ ਸੀ। ਮੈਂ ਅਰਧ ਬੇਹੋਸ਼ੀ ਦੀ ਹਾਲਤ ਵਿਚ ਰਾਤ ਕੱਟੀ। ਪਾਣੀ ਮੰਗਣ ਤੇ ਵੀ ਨਾ ਦਿਤਾ ਗਿਆ।

੨੭ ਸਤੰਬਰ ਸਵੇਰੇ ਨਾਸ਼ਤੇ ਲਈ ਹਰ ਰੋਜ਼ ਦੀ ਤਰ੍ਹਾਂ ਦੋ ਪੂੜੀਆਂ ਦਿਤੀਆਂ ਗਈਆਂ, ਪਰ ਮੇਰੇ ਅੰਦਰ ਪੂੜੀ ਨਹੀਂ ਸੀ ਲੰਘ ਰਹੀ। ਮੈਨੂੰ ਖਾਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਮੈਂ ਆਹਿਸਤੇ ਨਾਲ ਇਕ ਨੁਕਰ ਵਿਚ ਪੂੜੀਆਂ ਲੁਕਾ ਦਿਤੀਆਂ। ਬੋਰਡ ਆ ਚੁਕਾ ਸੀ। ਪੁਛ-ਗਿਛ ਤੋਂ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਡਾਕਟਰ ਨੇ ਆ ਕੇ ਇਨਟੈਰੋਗੇਟ ਕਰਨਾ ਸ਼ੁਰੂ ਕਰ ਦਿਤਾ ਤੇ ਫਿਰ ਛੇਤੀ ਹੀ ਮੈਨੂੰ ਬੋਰਡ ਦੇ ਸਾਹਮਣੇ ਪੇਸ਼ ਕੀਤਾ ਗਿਆ। ਬੋਰਡ ਦੇ ੪—੫ ਮੈਂਬਰ ਬੈਠੇ ਸਨ ਜੋ ਸ਼ਾਇਦ ਆਈ.ਬੀ., ਸੀ.ਬੀ.ਆਈ.,ਪੰਜਾਬ ਸੀ.ਆਈ.ਡੀ.,ਰਾਅ ਅਤੇ ਮਿਲਟਰੀ ਆਦਿ ਨਾਲ ਸੰਬੰਧਤ ਸਨ, ਉਨ੍ਹਾਂ ਫਿਰ ਮੈਨੂੰ ਛੀਨੇ ਕਾਂਡ ਬਾਰੇ, ਭਿੰਡਰਾਂਵਾਲੇ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਮੀਟਿੰਗਾਂ ਬਾਰੇ ਆਦਿ ਸੁਆਲ ਪੁਛਣੇ ਸ਼ੁਰੂ ਕਰ ਦਿਤੇ,ਪਰ ਮੇਰੇ ਕੋਲ ਜੁਆਬ ਇਹ ਸੀ ਕਿ ਮੈਨੂੰ ਸਾਰੇ ਕਾਸੇ ਦੀ ਕੋਈ ਜਾਣ-ਕਾਰੀ ਨਹੀਂ। ਇਕ ਅਫਸਰ ਬੋਲਿਆ, ਆਪ ਦਾ ਐਸਾ ਹਾਲ ਹੋਵੇਗਾ ਕਿ ਆਪ ਮਰਨਾ ਚਾਹੇਂਗੇ ਪਰ ਮਰਨੇ ਨਹੀਂ ਦੇਂਗੇ ...। ਮੈਨੂੰ ਫਿਰ ਦਰੁਸਤ ਕਰਨ ਦਾ ਹੁਕਮ ਦਿਤਾ ਗਿਆ—ਫਿਰ ਉਹੀ ਐਕਸਰਸਾਈਜ਼ਾਂ, ਉਹੀ ਠੁਡੇ, ਡੰਡੇ ਅਤੇ ਉਹੀ ਰਾਈਫਲ ਦੇ ਬੱਟ ਮੇਰੇ ਸਰੀਰ ਉਪਰ ਜ਼ੋਰ ਅਜ਼ਮਾਈ ਕਰਨ ਲਗੇ। ੩—੪ ਘੰਟੇ ਦੇ ਬਾਅਦ ਅਫਸਰੀ ਬੋਰਡ ਸਾਹਮਣੇ ਮੈਨੂੰ ਫਿਰ ਪੇਸ਼ ਕੀਤਾ ਗਿਆ, ਮੇਰੇ ਉਹੀ ਜਵਾਬ ਸਨ ਤੇ ਫਿਰ ਪਹਿਲੀ ਕਾਰਵਾਈ ਸ਼ੁਰੂ ਹੋ ਗਈ—ਮੈਂ ਫਿਰ ਅਰਧ ਬੇਹੋਸ਼ ਹੋ ਗਿਆ। ਮੈਂ ਹੁਣ ਆਪਣੇ ਕਮਰੇ ਵਿਚ ਡਿਗਾ ਪਿਆ ਸਾਂ। ਬਾਹਰੋਂ ਚੀਕਾਂ, ਰੋਣ ਤੇ ਤਰਲਿਆਂ ਦੀਆਂ ਅਵਾਜ਼ਾਂ ਲਗਾਤਾਰ ਆ ਰਹੀਆਂ ਸਨ। ਇਨ੍ਹਾਂ ਚੀਕਾਂ ਤੇ ਅਵਾਜ਼ਾਂ ਵਿਚ ੧੫ ਸਾਲ ਦੇ ਨੌਜਵਾਨਾਂ ਤੋਂ ਲੈ ਕੇ ੬੦ ਸਾਲ ਦੇ ਬਜ਼ੁਰਗ ਵੀ ਸਨ। ੧੨ ਵਜੇ ਰੋਟੀ ਲਈ ਕਿਹਾ ਗਿਆ। ਮੈਂ ਸਿਰਫ ੧—੨ ਰੋਟੀਆਂ ਖਾ ਸਕਿਆ। ਸਾਹਮਣੇ ਇਕ ੫੦ ਕੁ ਸਾਲ ਦਾ ਆਦਮੀ ਰੋਟੀ ਖਾ ਰਿਹਾ ਸੀ ਜਿਸਦੀ ਕਾਫੀ ਲੰਮੀ ਦਾੜ੍ਹੀ ਸੀ। 'ਕਿਉਂ ਓਏ ਬੁਢੇ, ਆਪ ਕੀ ਇਸ ਦਾੜ੍ਹੀ ਕਾ ਇਕ ਕੰਬਲ ਤੋ ਬਨ ਸਕਤਾ ਹੈ'—ਇਕ ਸੰਤਰੀ ਨੇ ਕਿਹਾ। ਬੁੱਢਾ ਗੁੱਸੇ ਵਿਚ ਚੁਪ ਸੀ। ਇਕ ਸੰਤਰੀ ਫਿਰ ਬੋਲਿਆ, 'ਸਾਲੇ ਜਾਨਤੇ ਹੈਂ ਕਿ ਹਮ 'ਆਪ' ਕੇ ਪਾਕਿਸਤਾਨ ਕੋ ਏਕ ਘੰਟੇ ਮੇਂ ਖਤਮ ਕਰ ਸਕਤੇ ਹੈਂ, ਜੋ ਹਮ ੨ ਜੂਨ ਕੋ ਨਾ ਆਤੇ ਤੋ ਯਹਾਂ ਖਾਲਿਸਤਾਨ ਬਨ ਹੀ ਜਾਨਾ ਥਾ।' ਸਿਪਾਹੀਆਂ ਦੇ ਬੋਲਾਂ ਤੋਂ ਸਪਸ਼ਟ ਸੀ ਕਿ ਕਿਵੇਂ ਉਹਨਾਂ ਦੇ ਮਨ ਵਿਚ ਸਿੱਖਾਂ ਨੂੰ ਪਾਕਿਸਤਾਨੀ ਏਜੰਟ ਕਹਿਣ ਤੇ ਫਿਰਕੂ ਜ਼ਹਿਰ ਕੁਟ ਕੁਟ ਭਰਿਆ ਹੋਇਆ ਸੀ।

ਸ਼ਾਮ ਦੀ ਪੁਛ ਗਿਛ ਪਿਛੋਂ ਅਫਸਰ ਫਿਰ ਹੁਕਮ ਛਡ ਗਏ ਕਿ ਰਾਤ ਇਸ ਕੀ ਖੂਬ ਤਸੱਲੀ ਕਰਵਾਓ... ਲਗਪਗ ੯—੧੦ ਵਜੇ ਫਿਰ ਸ਼ਰਾਬ ਵਿਚ ਗੁਟ ਅਫਸਰ ਮੇਰੇ ਕਮਰੇ ਵਿਚ ਦਾਖ਼ਲ ਹੋਏ। ਮੇਰੇ ਨਾਲ ਇਕ ੪੫ ਕੁ ਸਾਲ ਦਾ ਇਕ ਹੋਰ ਆਦਮੀ ਵੀ ਬੰਦ ਸੀ। ਮੇਰੀਆਂ ਲੱਤਾਂ ਪਾੜਨੀਆਂ ਸ਼ੁਰੂ ਕਰ ਦਿੱਤੀਆਂ ਤੇ ਇਸ ਤੋਂ ਪਿਛੋਂ... ਐਕਸਰ-ਸਾਈਜ਼ਾਂ ਕਰਨ ਲਈ ਕਿਹਾ ਗਿਆ...ਪਰ ਮੈਂ ਧਿਆ ਲਿਆ ਕਿ ੧੦੦ ਗੰਢਾ ਤੇ ੧੦੦ ਛਿਤਰ ਦੋਨੋਂ ਨਹੀਂ ਖਾਵਾਂਗੇ। ਮੇਰੇ ਅੜੀ ਕਰਨ ਤੇ ਬੈਂਤ ਦਾ ਸੋਟਾ ਮੇਰੇ ਦੁਆਲੇ ਫਿਰਨ ਲਗਾ, ਠੁਡੇ ਵਜਣ ਲਗੇ। ਡੰਡਿਆਂ ਵਜਦਿਆਂ ਦੀ ਚੀਸ ਮੈਂ ਬਿਨਾਂ ਹਿਲਣ-ਜੁਲਣ ਤੋਂ ਸਹੀ ਜਾ ਰਿਹਾ ਸਾਂ। ਮੇਰੀ ਹਾਲਤ ਹਾਲੀ ਦੇ ਉਸ ਬੈਂਕਲ ਬਲਦ ਵਰਗੀ ਸੀ ਜਿਸ ਨੂੰ ਕਿਸਾਨ ਉਠਾਉਣ ਲਈ ਡੰਡੇ ਮਾਰਦਾ ਹੈ ਪਰ ਉਹ ਬਿਨਾਂ ਹਿਲੇ-ਜੁਲੇ ਦੜ੍ਹ ਵੱਟ ਜਾਂਦਾ ਹੈ ਤੇ ਕਿਸਾਨ ਸ਼ਰਮਿੰਦਾ ਹੋ ਕੇ ਮਾਰਨੋਂ ਹੱਟ ਜਾਂਦਾ ਹੈ। ਜਦ ਮੈਂ ਸਫਾੜ ਲੇਟਿਆ ਪਿਆ ਸਾਂ ਤਾਂ ਮੇਰਾ ਮਾਸ ਨੋਚਣਾ ਸ਼ੁਰੂ ਕੀਤਾ ਗਿਆ, ਸਿਰ ਦੇ ਵਾਲ ਤੇ ਦਾੜ੍ਹੀ ਦੇ ਵਾਲ ਥੋੜੇ ਕਰਕੇ ਪੁਟੇ ਗਏ। ਪਰ ਮੈਂ ਉੱਠਣ ਦੀ ਹਾਲਤ ਵਿਚ ਨਹੀਂ ਸਾਂ। ਫਿਰ ਮੈਨੂੰ ਉਹ ਇੰਜ ਹੀ ਛੱਡ ਕੇ ਚਲੇ ਗਏ। ਮੈਂ ਮੂੰਹ ਵਿਚ ਪਾਣੀ ਪਾਉਣ ਦਾ ਵਾਸਤਾ ਪਾਇਆ, ਪਰ ਪਾਣੀ ਸਾਰੀ ਰਾਤ ਕਿਸੇ ਨਾ ਦਿਤਾ। ਕਦੇ ਕਦੇ ਸੰਤਰੀ ਮੇਰੀ ਨਬਜ਼ ਤੇ ਹਿਕ ਆ ਕੇ ਟੋਅ ਜਾਂਦਾ ਸੀ। ਤੇ ਸੰਤਰੀ ਬੁਲਬੁੜਾਂਦਾ ਬੋਲਦਾ, ਸਾਲਾ ਮਚਲਾ ਹੈ।



www.AKJ.Org

੨੮ ਸਵੇਰ ਨੂੰ—ਸਾਡੇ ਗਲਾਂ ਵਿਚ ਸਲੇਟਾਂ, ਫਲਾਣਾ ਸਿੰਘ S/O ਫਲਾਣਾ ਸਿੰਘ, ਲਟਕਾ ਕੇ ਫੋਟੋਆਂ ਲਈਆਂ ਗਈਆਂ ਤੇ ਉਸ ਤੋਂ ਬਾਅਦ ਫਿਰ ਪਹਿਲੇ ਦਿਨਾਂ ਵਰਗੀ ਕਾਰਵਾਈ । ੨੮ ਸ਼ਾਮ ਮੈਨੂੰ ਫਿਰ ਥਾਣਾ ਸਦਰ ਗੁਰਦਾਸਪੁਰ ਲੈ ਆਂਦਾ । ਅੰਗ ਅੰਗ ਦੁਖ ਰਿਹਾ ਸੀ, ਪਰ ਜਿਸ ਹਵਾਲਾਟ ਵਿਚ ਮੈਨੂੰ ਦਿਤਾ ਗਿਆ ਉਥੇ ਹੋਰ ੧੫-੨੦ ਆਦਮੀ ਸਨ । ਕੰਬਲ ਜਾਂ ਕਿਸੇ ਤਰ੍ਹਾਂ ਦਾ ਕੋਈ ਕਪੜਾ ਨਹੀਂ ਸੀ । ਤਿਬੜੀ ਸੈਂਟਰ ਵਿਚ ੧੦ ਦਿਨ ਕੱਟ ਕੇ ਆਏ ਇਕ ਨੌਜਵਾਨ ਸਾਥੀ ਨੇ ਮੈਨੂੰ ਘਰ ਤੋਂ ਆਏ ਆਪਣੇ ਬਿਸਤਰੇ ਤੇ ਸੁਵਾ ਦਿੱਤਾ । ਪਰ ਹੇਠ ਅੰਗ ਕੋਈ ਨਹੀਂ ਸੀ ਲਗ ਰਿਹਾ । ਸਾਰੀ ਰਾਤ ਪਹਿਲੀਆਂ ਰਾਤਾਂ ਦੀ ਤਰ੍ਹਾਂ ਚੀਸਾਂ ਵਿਚ ਕਟੀ । ੨੯ ਨੂੰ ਵੀ ਮੈਂ ਇਥੇ ਰਿਹਾ ਤੇ ੨੯ ਸ਼ਾਮ ਨੂੰ ਮੈਨੂੰ ਫਿਰ ਤਿਬੜੀ ਲੈ ਗਏ । ੩੦-੧-੨ ਅਕਤੂਬਰ ਮੇਰੇ ਨਾਲ ਕਰੀਬ ਕਰੀਬ ਪਹਿਲਾਂ ਦੀ ਤਰ੍ਹਾ ਹੀ ਵਾਪਰਦਾ ਰਿਹਾ, ਮੈਨੂੰ ਤਿੰਨੇ ਦਿਨ ਇਕੱਲਾ ਰਖਿਆ ਗਿਆ ਤੇ ਮੁਕਾਬਲਾ ਬਨਾਉਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ । ੨ ਸ਼ਾਮ ਨੂੰ ਮੈਂ ਫਿਰ ਗੁਰਦਾਸਪੁਰ ਆ ਗਿਆ । ੪ ਅਕਤੂਬਰ ਨੂੰ ਮੈਨੂੰ ਪੰਜਾਬ ਸੀ. ਆਈ. ਡੀ. ਦੇ ਕਹਿਣ ਤੇ ਛੱਡ ਦਿਤਾ ਗਿਆ । ਮੈਂ ਪਿੰਡ ਪਹੁੰਚਿਆ ਤੇ ਘਰ ਵਿਚ ਡਾਕਟਰੀ ਇਲਾਜ ਕਰਨ ਲੱਗਾ । ਪਰ ੧੧ ਅਕਤੂਬਰ ਨੂੰ, ਜਿਸ ਸਮੇਂ ਮੈਂ ਸਖਤ ਨਮੂਨੀਏ ਬੁਖਾਰ ਦੀ ਹਾਲਤ ਵਿਚ ਬੀਮਾਰ ਸਾਂ, ਕਲਾਨੌਰ ਦੀ ਪੁਲੀਸ ਨੇ ਆ ਕੇ ਗ੍ਰਿਫਤਾਰ ਕਰ ਲਿਆ ਤੇ ਇਸ ਸਖਤ ਬੀਮਾਰੀ ਦੀ ਹਾਲਤ ਵਿਚ ਮੈਂ ੧੮ ਅਕਤੂਬਰ ਤਕ ਥਾਣਾ ਕਲਾਨੌਰ ਵਿਚ ਬੰਦ ਰਿਹਾ । ਮੇਰਾ ਕੋਈ ਸਰਕਾਰੀ ਇਲਾਜ ਨਾ ਕੀਤਾ ਗਿਆ ਤੇ ਮੈਂ ਥਾਣੇ ਵਿਚ ਵੀ ਪ੍ਰਾਈਵੇਟ ਤੌਰ ਤੇ ਇਲਾਜ ਕਰਦਾ ਰਿਹਾ । ੧੮ ਸ਼ਾਮ ਮੈਨੂੰ ਰਿਹਾ ਕਰ ਦਿਤਾ ਗਿਆ । ਸ਼ਾਇਦ ਇਸ ਕਰਕੇ ਕਿ ਪੀ. ਯੂ. ਸੀ. ਐਲ. ਵਲੋਂ ਮੇਰੇ ਸੰਬੰਧਤ ਹੈਬੀਅਸ ਕਾਰਪਸ ਐਕਟ ਅਧੀਨ ਰਿਟ ਹੋ ਚੁੱਕੀ ਸੀ, ਜਿਸ ਬਾਰੇ ੧੮ ਦੀਆਂ ਅਖ਼ਬਾਰਾਂ ਵਿਚ ਛਪ ਗਿਆ ਸੀ ।

[ਸਮਤਾ 'ਚੋਂ

---

## ਕੁਰਸੀ ਦੇ ਸਿਖ

[ਸ: ਕਰਤਾਰ ਸਿੰਘ ਗਰੀਬ, ਲੁਧਿਆਣਾ]

ਪੰਥ ਤੋਂ ਬਾਗੀ ਹੋਏ ਅਤੇ ਕੁਰਸੀਆਂ ਖ਼ਾਤਰ ਕੌਮੀ ਅਣਖ ਤੇ ਗ਼ੈਰਤ ਵੇਚਣ ਵਾਲੇ ਸਿਖਾਂ ਤਾਈਂ ਕਵੀ ਦੀ ਪੁਕਾਰ ਹੈ ।

—ਸੰਪਾਦਕ]

ਕੁਰਸੀ ਸੰਭਾਲ ਸਿੰਘਾ,
ਕੁਰਸੀ ਸੰਭਾਲ ਓਇ !

ਤੈਨੂੰ ਕੋਈ ਕੁਟੀ ਜਾਵੇ,
ਪੱਤ ਤੇਰੀ ਲੁਟੀ ਜਾਵੇ,
ਸੰਘੀ ਤੇਰੀ ਘੁਟੀ ਜਾਵੇ,
ਕਰੀਂ ਨਾ ਤੂੰ ਖ਼ਿਆਲ ਓਇ !
ਕੁਰਸੀ ਸੰਭਾਲ ਸਿੰਘਾ,......

ਗੰਗੂਆਂ ਦਾ ਤੂੰ ਪਾਣੀ ਭਰ,
ਕਿਸੇ ਕੋਲੋਂ ਨਾ ਤੂੰ ਡਰ,
ਪੰਥ ਨੂੰ ਤੂੰ ਕਤਲ ਕਰ,
ਬਣ ਕੇ ਚੰਡਾਲ ਓਇ !
ਕੁਰਸੀ ਸੰਭਾਲ ਸਿੰਘਾ,......

ਕੋਈ ਤੇਰੀ ਪੱਤ ਲਾਹੇ,
ਸਿੰਘਾਂ ਤਾਈਂ ਚਾੜ੍ਹੇ ਫਾਹੇ,
ਪੁਠੀ ਰਖੀ ਮਤ ਚਾਹੇ,
ਹੋਵੀਂ ਨਾ ਨਿਢਾਲ ਓਇ,
ਕੁਰਸੀ ਸੰਭਾਲ ਸਿੰਘਾ,......

ਤੈਨੂੰ ਕੀ ਜੇ ਕਿਸੇ ਨੇ
ਖੋਪਰ ਲੁਹਾਇਆ ਸੀ,
ਤੈਨੂੰ ਕੀ ਜੇ ਕਿਸੇ
ਬੰਦ ਬੰਦ ਕਟਵਾਇਆ ਸੀ,
ਸਿਖੀ ਜਾਂਦੀ ਐ ਤਾਂ ਜਾਵੇ
ਛਡੀ ਨਾ ਤੂੰ ਮਾਲ ਓਇ !
ਕੁਰਸੀ ਸੰਭਾਲ ਸਿੰਘਾ,
ਕੁਰਸੀ ਸੰਭਾਲ ਓਇ !



www.AKJ.Org

# ਫਟਾਂ ਉਤੇ ਲੂਣ

[ਸ: ਵਰਿਆਮ ਸਿੰਘ ਜੀ, ਸੰਪਾਦਕ 'ਗੁਰਮਤਿ ਪ੍ਰਕਾਸ਼', ਸ੍ਰੀ ਅੰਮ੍ਰਿਤਸਰ]

ਸ਼ਰੋਮਣੀ ਅਕਾਲੀ ਦਲ ਦੇ ਕੁਝ ਨੇਤਾਵਾਂ ਨੂੰ ਰਿਹਾਅ ਕਰ ਕੇ ਸਰਕਾਰ ਨੇ ਸਦਭਾਵਨਾ ਦਾ ਜੋ ਪ੍ਰਚਾਰ ਕੀਤਾ, ਅਸਲ ਵਿਚ ਇਹ ਇਕ ਢੋਂਗ ਹੀ ਸੀ। ਪਹਿਲੀ ਗੱਲ ਤਾਂ ਇਹ ਕਿ ਹਜ਼ਾਰਾਂ ਦੀ ਗਿਣਤੀ ਵਿਚ ਬੇ-ਗੁਨਾਹ ਨੌਜੁਆਨ, ਬਜ਼ੁਰਗ, ਬੀਬੀਆਂ ਅਤੇ ਬੱਚੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਡੱਕ ਕੇ ਅਤੇ ਵਿਸ਼ੇਸ਼ ਅਦਾਲਤਾਂ ਵਿਚ ਉਹਨਾਂ ਉਪਰ ਮਨਮਰਜ਼ੀ ਦੇ ਝੂਠੇ ਕੇਸ ਚਲਾ ਕੇ, ਗਿਣਤੀ ਦੇ ਕੁਝ ਨੇਤਾ ਰਿਹਾਅ ਕਰਨ ਨਾਲ ਕੈਸੀ ਸਦਭਾਵਨਾ ਹੋਵੇਗੀ? ਅਤੇ ਦੂਸਰੀ ਬਾਤ, ਕਿ ਜਿਸ ਮਸਲੇ ਨੂੰ ਲੈ ਕੇ ਸ਼ਰੋਮਣੀ ਅਕਾਲੀ ਦਲ ਨੇ ਧਰਮ ਯੁਧ ਮੋਰਚਾ ਆਰੰਭ ਕੀਤਾ ਸੀ, ਭਾਵੇਂ ਕਿ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ, ਉਸ ਦਾ ਤੇ ਸਰਕਾਰ ਨਾਮ ਲੈਣ ਤੋਂ ਵੀ ਹਿਚਕਚਾਂਦੀ ਹੈ, ਫਿਰ ਇਸ ਪਾਸੇ ਕੋਈ ਸਕਾਰਾਤਮਕ ਰਵੱਈਆ ਅਪਨਾਉਣ ਤੋਂ ਬਿਨਾਂ ਸਦਭਾਵਨਾ ਦਾ ਮਾਹੌਲ ਕਿਵੇਂ ਤਿਆਰ ਹੋ ਸਕਦਾ ਹੈ? ਇਸ ਤੋਂ ਵੀ ਅੱਗੇ ਦੀ ਗੱਲ, ਕਿ ਸਰਕਾਰ ਨੇ ਪਿਛਲੇ ਕੁਝ ਸਮੇਂ ਤੋਂ ਸਿੱਖ ਕੌਮ ਨੂੰ ਡਰਾਉਣ ਦਬਕਾਉਣ ਅਤੇ ਬਾਕੀ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਨੂੰ ਨੀਵਾਂ ਦਿਖਾਉਣ, ਬਦਨਾਮ ਕਰਨ ਦਾ ਜੋ ਤਰੀਕਾ ਅਪਣਾਇਆ ਸੀ, ਉਸ ਵਿਚ ਰਤੀ ਭਰ ਵੀ ਫ਼ਰਕ ਨਹੀਂ ਪਿਆ। ਅਤਵਾਦੀ, ਵਖਵਾਦੀ, ਦਹਿਸ਼ਤ-ਪਸੰਦ ਆਦਿ ਅੱਜ ਵੀ ਵਿਸ਼ੇਸ਼ਣ ਸਿੱਖਾਂ ਨਾਲ ਜੋੜੇ ਜਾ ਰਹੇ ਹਨ ਅਤੇ ਬੇ-ਕਸੂਰ ਸਿੱਖਾਂ ਨੂੰ ਡਰਾਉਣ ਧਮਕਾਉਣ ਅਤੇ ਜੇਲ੍ਹੀਂ ਸੁਟਣ ਵਾਲੇ ਅਫਸਰਾਂ ਨੂੰ ਹਲਾਸ਼ੇਰੀ ਦਾ ਥਾਪੜਾ ਦਿੱਤਾ ਜਾਂਦਾ ਹੈ।

**ਕੌਣ ਨਹੀਂ ਜਾਣਦਾ ਕਿ ਸਿਖੀ ਦੇ ਮਹਾਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਅਤੇ ਪੰਜਾਬ ਦੇ ਬਾਕੀ ਗੁਰਦੁਆਰੇ ਸਾਹਿਬਾਨ ਉੱਪਰ ਹੋਏ ਆਰਮੀ ਐਕਸ਼ਨ ਨੇ ਦੁਨੀਆ ਭਰ ਦੀਆ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰ ਦਿਤੇ ਸਨ। ਅੱਜ ੧੬੭ ਫੌਜੀ ਅਫਸਰਾਂ ਅਤੇ ਜੁਆਨਾਂ ਨੂੰ ਰਾਸ਼ਟਰਪਤੀ ਸ੍ਰੀ ਜ਼ੈਲ ਸਿੰਘ ਦੁਆਰਾ ਪੰਜ ਅਸ਼ੋਕ ਚੱਕਰ, ੨੪ ਪਰਮ ਵਸ਼ਿਸ਼ਟ ਸੇਵਾ ਮੈਡਲ, ੧੯ ਕੀਰਤੀ ਚੱਕਰ, ੪੭ ਵਸ਼ਿਸ਼ਟ ਸੇਵਾ ਮੈਡਲ, ੭੨ ਸੂਰੀਆ ਚੱਕਰਾਂ ਦੀ ਬਖਸ਼ਿਸ਼—ਕੀ ਇਹ ਵਲੂੰਧਰੇ ਹਿਰਦਿਆਂ ਉਪਰ ਲੂਣ ਮਲਣ ਤੋਂ ਕੋਈ ਘੱਟ ਕਰਤਵ ਹੈ?**

ਚੰਗੀ ਗੱਲ ਸੀ ਜੇਕਰ ਸ੍ਰੀ ਦਰਬਾਰ ਸਾਹਿਬ ਐਕਸ਼ਨ ਦੁਰਾਨ ਦਿਖਾਏ ਬਹਾਦਰੀ ਦੇ ਜੌਹਰਾਂ ਬਦਲੇ ਫੌਜੀਆਂ ਨੂੰ ਸਨਮਾਨਤ ਕਰਨ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਦੇ ਅੰਕੜਿਆਂ ਦਾ ਲੇਖਾ ਜੋਖਾ ਕਰ ਲਿਆ ਜਾਂਦਾ। ਇਸ ਤੋਂ ਵੀ ਬੇਹਤਰ ਸੀ ਕਿ ਅੰਤਰ ਰਾਸ਼ਟਰੀ ਸੰਸਥਾਵਾਂ ਦੁਆਰਾ ਬਣਾਏ ਕਾਇਦੇ ਕਾਨੂੰਨ, ਜਿਨ੍ਹਾਂ ਦੀ ਕਿ ਦੋ ਦੇਸ਼ਾਂ ਦੀਆਂ ਆਹਮੋ ਸਾਹਮਣੇ ਲੜ ਰਹੀਆਂ ਹਥਿਆਰਬੰਦ ਫੌਜਾਂ ਨੂੰ ਪਾਲਣਾ ਕਰਨੀ ਪੈਂਦੀ ਹੈ, ਬਾਰੇ ਵੀ ਘੋਖ ਕਰ ਲਈ ਜਾਂਦੀ ਅਤੇ ਇਹ ਦੇਖ ਲਿਆ ਜਾਂਦਾ ਕਿ ਜੋ ਅਤਿਆਚਾਰ ਦੇਸ਼ ਦੀ ਫੌਜ ਨੇ ਆਪਣੇ ਲੋਕਾਂ ਉਪਰ ਹੀ ਢਾਹ ਦਿੱਤਾ, ਐਸਾ ਵਿਵਹਾਰ, ਕਿਸੇ ਦੂਸਰੇ ਦੇਸ਼ ਦੀ ਪਰਜਾ ਨਾਲ ਤਾਂ ਕਿਤੇ ਰਿਹਾ, ਲੜਾਈ ਕਰ ਰਹੀ ਫੌਜ ਨਾਲ ਵੀ ਨਹੀਂ ਕੀਤਾ ਜਾ ਸਕਦਾ।

ਦੇਸ਼ਾਂ ਦੀ ਲੜਾਈ ਦੌਰਾਨ, ਹਥਿਆਰਬੰਦ ਫ਼ੌਜਾਂ ਦਾ, ਦੁਸ਼ਮਣ-ਫੌਜਾਂ ਪ੍ਰਤੀ ਅਚਾਰ ਵਿਵਹਾਰ, ਕਾਨੂੰਨ ਮਰਯਾਦਾਵਾਂ ਇਸ ਸਦੀ ਦੇ ਅਰੰਭ ਵਿਚ ਹੀ 'ਹੇਗ ਸੰਮੇਲਨ' ਰਾਹੀਂ ਇਸ ਲਈ ਨਿਸਚਿਤ ਕੀਤੀਆਂ ਗਈਆਂ ਸਨ ਤਾਂ ਜੁ ਲੜਾਈ ਯੁਧ ਦੇ ਮਾਹੌਲ ਵਿਚ ਵੀ ਮਨੁਖੀ ਅਧਿਕਾਰਾਂ ਦੀ ਰਖਿਆ ਕੀਤੀ ਜਾ ਸਕੇ। ਦੂਸਰੇ ਸੰਸਾਰ ਯੁਧ ਤੋਂ ਬਾਅਦ, ੧੯੪੯ ਈ: ਵਿਚ 'ਜਨੇਵਾ ਸੰਮੇਲਨ' ਵਿਚ ਤਾਂ ਇਹ ਕਾਇਦੇ ਕਾਨੂੰਨ ਹੋਰ ਵੀ ਸਖ਼ਤ ਕਰ ਦਿਤੇ ਗਏ।

'ਜਨੇਵਾ ਕਰਾਰਨਾਮੇ' ਅਨੁਸਾਰ ਨਿਯਮਤ ਅਦਾਲਤ ਦੇ ਫੈਸਲੇ ਤੋਂ ਬਿਨਾਂ, ਕਿਸੇ ਪ੍ਰਕਾਰ ਦੀ ਹੱਤਿਆ ਕਰਨ, ਅੰਗਹੀਨ ਕਰਨ, ਅਪਮਾਨਿਤ ਕਰਨ, ਜਾਂ ਬੰਦੀ ਬਣਾਏ ਰੱਖਣ ਉੱਪਰ ਸਖ਼ਤ ਪਾਬੰਦੀ ਹੈ। ਇਸ ਦੇ



www.AKJ.Org

ਨਾਲ ਬੀਮਾਰਾਂ ਅਤੇ ਜ਼ਖਮੀਆਂ ਦੀ ਦੇਖ ਭਾਲ ਕਰਨ ਦੀ ਵਿਵਸਥਾ ਵੀ ਹੈ । ਜੰਗੀ ਕੈਦੀਆਂ ਨਾਲ ਅਨ-ਮਨੁੱਖੀ ਵਿਹਾਰ ਕਰਨ ਦੀ ਸਖ਼ਤ ਪਾਬੰਦੀ ਹੈ ਅਤੇ ਲਿੰਗ, ਜ਼ਾਤੀ, ਰਾਸ਼ਟੀਅਤਾ, ਧਰਮ, ਰਾਜਨੀਤਕ ਵਿਚਾਰਾਂ ਦੇ ਆਧਾਰ ਤੇ ਭੇਦ ਭਾਵ ਕਰਨ ਦੀ ਸਖ਼ਤ ਮਨਾਹੀ ਹੈ ।

ਇਸ ਕਰਾਰਨਾਮੇ ਦੇ ੧੭ਵੇਂ ਅਨੁਛੇਦ ਵਿਚ ਕਿਹਾ ਗਿਆ ਹੈ ਕਿ ਲਾਸ਼ਾਂ ਨੂੰ ਸਨਮਾਨ ਪੂਰਵਕ ਤਰੀਕੇ ਨਾਲ ਦਫ਼ਨਾਇਆ ਜਾਣਾ ਚਾਹੀਦਾ ਹੈ ਅਤੇ ਸੰਭਵ ਹੋ ਸਕੇ ਤਾਂ ਮਰਨ ਵਾਲਿਆਂ ਦੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ, ਉਨ੍ਹਾਂ ਦੀਆਂ ਅੰਤਮ ਰਸਮਾਂ ਹੋਣੀਆਂ ਚਾਹੀਦੀਆਂ ਹਨ । ਉਨ੍ਹਾਂ ਦੀਆਂ ਕਬਰਾਂ ਦਾ ਸਤਿਕਾਰ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਉੱਪਰ ਨਿਸ਼ਾਨੀਆਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ, ਤਾਂ ਕਿ ਉਨ੍ਹਾਂ ਨੂੰ ਕਦੇ ਵੀ ਲੱਭਿਆ ਜਾ ਸਕੇ । ਅਤੇ ਸਮਾਂ ਆਉਣ ਤੇ ਸ਼ਨਾਖਤ ਕਰ ਕੇ ਉਨ੍ਹਾਂ ਨੂੰ ਉਹਨਾਂ ਦੇ ਦੇਸ਼ ਵਾਪਸ ਭੇਜਿਆ ਜਾ ਸਕੇ । ਇਹ ਹੀ ਗੱਲ ਅਸਥੀਆਂ ਉੱਪਰ ਵੀ ਲਾਗੂ ਹੁੰਦੀ ਹੈ ।

੧੯੭੭ ਈ. ਵਿਚ ਜਨੇਵਾ ਸੰਮੇਲਨ ਕਰਾਰਨਾਮੇ ਦੇ ੫੧ਵੇਂ ਅਨੁਛੇਦ ਵਿਚ ਕੁਝ ਤਬਦੀਲੀਆਂ ਕਰ ਕੇ ਬਲ-ਸ਼ਕਤੀ ਦੀ ਅੰਧਾ-ਧੁੰਦ ਵਰਤੋਂ ਉੱਪਰ ਪਾਬੰਦੀ ਲੱਗਾ ਦਿੱਤੀ ਗਈ । ਇਸ ਵਿਚ ਸਪੱਸ਼ਟ ਕਿਹਾ ਗਿਆ ਕਿ ਨਾਗਰਿਕ ਅਬਾਦੀ ਅਤੇ ਵਿਅਕਤੀਆਂ ਪਰ ਹਮਲਾ ਨਹੀਂ ਕੀਤਾ ਜਾਣਾ ਚਾਹੀਦਾ । ਐਸਾ ਹਮਲਾ, ਜਿਸ ਵਿਚ ਨਾਗਰਿਕਾਂ ਦਾ ਜਾਨੀ ਨੁਕਸਾਨ, ਜ਼ਖਮੀ ਹੋਣ, ਅਤੇ ਨਾਗਰਿਕਾਂ ਦੀਆਂ ਜਾਇਦਾਦਾਂ ਨਸ਼ਟ ਹੋਣ ਦਾ ਡਰ ਕਿਸੇ ਸੈਨਿਕ ਫਾਇਦੇ ਹੋਣ ਤੋਂ ਜ਼ਿਆਦਾ ਹੋਵੇ, ਨਹੀਂ ਹੋਣਾ ਚਾਹੀਦਾ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅੰਤਰ-ਰਾਸ਼ਟਰੀ ਯੁੱਧਾਂ ਵਿਚ ਦੁਸ਼ਮਨ ਦੇ ਅਤਿਆਚਾਰਾਂ ਤੋਂ ਬਚਾਅ ਲਈ ਕੁਝ ਵਿਵਸਥਾਵਾਂ ਕੀਤੀਆਂ ਗਈਆਂ ਹਨ ਅਤੇ ਅੰਤਰ-ਰਾਸ਼ਟਰੀ ਸੰਗਠਨ ਅਤੇ ਰੈੱਡਕਰਾਸ ਜਿਹੀਆਂ ਸੰਸਥਾਵਾਂ ਨਿਗਰਾਨੀ ਰੱਖਦੀਆਂ ਹਨ ਕਿ ਇਨ੍ਹਾਂ ਦੀ ਪਾਲਣਾ ਵੀ ਹੋ ਰਹੀ ਹੈ ਕਿ ਨਹੀਂ । ਅਗਰ ਕਿਸੇ ਦੇਸ਼ ਵਲੋਂ ਇਨ੍ਹਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਨ੍ਹਾਂ ਉਪ੍ਰੋਕਤ ਸੰਸਥਾਵਾਂ ਤੋਂ ਇਲਾਵਾ, ਦੁਨੀਆ ਭਰ ਦੇ ਸੰਚਾਰ, ਪਰਚਾਰ ਮਾਧਿਅਮ ਉਸ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ ।

ਪਾਠਕ ਜਨ ਇਕ ਗੱਲ ਨਾ ਭੁੱਲਣ ਕਿ ਉਪ੍ਰੋਕਤ ਜੋ ਕੁਝ ਉਨ੍ਹਾਂ ਪੜ੍ਹਿਆ ਹੈ, ਉਸ ਦਾ ਸੰਬੰਧ ਅੰਤਰ-ਰਾਸ਼ਟਰੀ ਪੱਧਰ ਨਾਲ ਹੈ ਅਤੇ ਇਸ ਦਾ ਮਕਸਦ ਇਹ ਹੈ ਕਿ ਯੁੱਧ ਸਮੇਂ ਕੋਈ ਦੇਸ਼ ਜਾਂ ਉਸ ਦੀ ਫੌਜ ਦੂਸਰੇ ਦੁਸ਼ਮਣ-ਦੇਸ਼ ਜਾਂ ਦੇਸ਼ਾਂ ਉੱਪਰ ਅਤਿਆਚਾਰ ਜਾਂ ਅਨ-ਮਨੁੱਖੀ ਜ਼ੁਲਮ ਨਾ ਕਰ ਸਕੇ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਕੀਤੀ ਜਾ ਸਕੇ । ਸੋ ਬੇਸ਼ਕ ਇਹਨਾਂ ਗੱਲਾਂ ਦਾ ਬਲਯੂ ਸਟਾਰ ਉਪਰੇਸ਼ਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਅਤੇ ਭਾਰਤੀ ਫੌਜ ਉਪਰੋਕਤ ਨੁਕਤਿਆਂ ਦੀ ਪਾਬੰਦ ਨਹੀਂ, ਪਰ ਹਰ ਸੂਝਵਾਨ ਇਹ ਬੜੀ ਚੰਗੀ ਤਰ੍ਹਾਂ ਸਮਝਦਾ ਹੋਵੇਗਾ ਕਿ ਕਿਸੇ ਵੀ ਦੇਸ਼ ਦੀ ਫੌਜ ਨੂੰ ਆਪਣੇ ਦੇਸ਼ ਦੇ ਲੋਕਾਂ ਨਾਲ 'ਜਨੇਵਾ ਕਰਾਰਨਾਮੇ' ਦੀਆਂ ਪਾਬੰਦੀਆਂ ਤੋਂ ਵੀ ਹਜ਼ਾਰ ਦਰਜੇ ਬੇਹਤਰ ਵਤੀਰਾ ਰਖਣਾ ਚਾਹੀਦਾ ਹੈ, ਬੇਸ਼ਕ ਸਥਿੱਤੀ ਕਿਤਨੀ ਵੀ ਖ਼ਤਰਨਾਕ ਕਿਉਂ ਨਾ ਬਣ ਚੁੱਕੀ ਹੋਵੇ ।

ਜਿਸ ਭਾਰਤੀ ਫੌਜ ਨੂੰ ਸਾਹਸ, ਬਹਾਦਰੀ ਦਿਖਾਉਣ ਦੇ ਐਵਾਰਡ ਦਿੱਤੇ ਜਾ ਰਹੇ ਹਨ, ਉਸ ਦਾ ਸਭ ਤੋਂ ਪਹਿਲਾ ਵੱਡੀ ਡਰਪੋਕਤਾ ਵਾਲਾ ਕਾਰਨਾਮਾ ਸੀ, ਪੰਜਾਬ ਦੇ ਗੁਰਦੁਆਰਿਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦਾ ਘੇਰਾ, ਅਤੇ ਤੋਪਾਂ ਟੈਂਕਾਂ ਦੀ ਫ਼ਾਇਰਿੰਗ । ੧੯ਵੀਂ ਸਦੀ ਤੋਂ ਬਾਅਦ, ਦੁਨੀਆ ਦੇ ਇਤਿਹਾਸ ਵਿਚ ਇਹ ਇਕ ਇਸ ਨੋਈਅਤ ਦਾ ਪਹਿਲਾ 'ਐਕਸ਼ਨ' ਰੂਪੀ ਹਮਲਾ ਸੀ, ਜੋ ਇਤਨੀ ਵੱਡੀ ਪੱਧਰ ਤੇ ਧਾਰਮਕ ਅਸਥਾਨਾਂ ਉਪਰ ਕੀਤਾ ਗਿਆ । ਇਸ ਐਕਸ਼ਨ ਵਿਚ ਫੌਜ ਦੇ ਤਿੰਨਾਂ ਅੰਗਾਂ, ਭਾਵ ਕਿ ਜਲ, ਥਲ ਅਤੇ ਹਵਾਈ ਸੈਨਾ ਦੀ ਵਰਤੋਂ ਕੀਤੀ ਗਈ ਅਤੇ ਅਗਲੇ ਪਾਸਿਓਂ ਧਾਰਮਿਕ ਅਸਥਾਨਾਂ ਦੀ ਰਖਿਆ ਕਰਨ ਵਾਲਿਆਂ ਪਾਸ ਹਥਿਆਰ, ਜੋ ਟੀ. ਵੀ. ਉਪਰ ਦਿਖਾਏ ਗਏ, ਉਹਨਾਂ ਵਿਚ ਵੱਡੇ ਤੋਂ ਵੱਡਾ ਸ਼ਸਤਰ ਹਲਕੀ ਮਸ਼ੀਨਗੰਨ ਸੀ । (ਵੈਸੇ ਤਾਂ ਆਮ ਅਫਵਾਹ ਹੈ ਕਿ ਇਹ ਹਥਿਆਰ ਵੀ ਫੌਜ ਨੇ ਆਪਣੇ ਪਾਸੋਂ ਹੀ ਰਖ ਕੇ ਟੀ. ਵੀ. ਤੇ ਦਿਖਾਏ) ।


www.AKJ.Org

ਹਥਿਆਰਾਂ ਬਾਰੇ ਮਾਮੂਲੀ ਜਾਣਕਾਰੀ ਰੱਖ਼ਣ ਵਾਲੇ ਪਾਠਕ ਵੀ ਜਾਣਦੇ ਹੋਣਗੇ ਕਿ ਫੌਜ ਦੁਆਰਾ ਵਰਤੇ ਜਾ ਰਹੇ ਟੈਂਕ, ਬਖ਼ਤਰਬੰਦ ਗੱਡੀਆਂ, ਤੋਪਾਂ ਆਦਿ ਦੇ ਮੁਕਾਬਲੇ ਹਲਕੀ ਮਸ਼ੀਨਗੰਨ ਇਕ ਖਿਲੌਨਾ ਹੀ ਕਹੀ ਜਾ ਸਕਦੀ ਹੈ। ਪਰ ਜੋ ਕੁਝ ਵਾਪਰਿਆ, ਜਿਸ ਬਾਰੇ ਹੁਣ ਸਭ ਜਾਣ ਚੁਕੇ ਹਨ, ਜ਼ਿਆਦਾ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਉਸ ਤੋਂ ਬੜਾ ਸਪਸ਼ਟ ਹੋ ਜਾਂਦਾ ਹੈ ਕਿ ਨਮੋਸ਼ੀ, ਨਿਮੋਝੂਣਤਾ ਅਤੇ ਖਿਝ ਕਿਸ ਨੂੰ ਆਈ ਅਰ ਬਹਾਦਰ ਹੌਸਲੇ ਵਾਲੇ ਕੌਣ ਨਿਕਲੇ ?

ਦੂਸਰਾ ਨੁਕਤਾ ਜੋ ਅਸਾਂ ਵਿਚਾਰਨਾ ਹੈ, ਉਹ ਹੈ ਸਿੱਖ ਧਾਰਮਿਕ ਅਸਥਾਨਾਂ ਉੱਪਰ ਐਕਸ਼ਨ ਲਈ ਢੁਕਵੇਂ ਦਿਨ ਦੀ ਚੋਣ ਸੰਬੰਧੀ। ਪਤਾ ਨਹੀਂ ਇਹ ਜਾਣ-ਬੁਝ ਕੇ ਕੀਤਾ ਗਿਆ ਜਾਂ ਇਹ ਇਹਨਾਂ ਦੀ ਅਕਲ ਦਾ ਦੀਵਾਲੀਆਪਨ ਸੀ ਕਿ ਇਸ ਮਕਸਦ ਲਈ ਉਸ ਇਤਿਹਾਸਕ ਦਿਨ ਦੀ ਚੋਣ ਕੀਤੀ ਗਈ ਜਿਸ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜ਼ਾਲਮ ਤੇ ਜ਼ੁਲਮ ਦੀ ਜੜ੍ਹ ਪੁਟਣ ਲਈ ਸਿਦਕ ਸਬੂਰੀ ਦਾ ਸਬੂਤ ਦੇਂਦਿਆਂ ਤੱਤੀਆਂ ਲੋਹਾਂ ਉੱਪਰ ਚੌਂਕੜਾ ਮਾਰ ਬੈਠੇ ਸਨ। ਇਸ ਸ਼ਹੀਦੀ ਦਿਵਸ ਨੂੰ ਸੰਗਤਾਂ ਬੜੀ ਸ਼ਰਧਾ ਨਾਲ ਮਨਾਉਂਦੀਆਂ ਹਨ ਅਤੇ ਇਸ ਵੇਰ ਵੀ ਦੂਰ ਦੂਰ ਤੋਂ ਸਿੱਖ ਸ਼ਰਧਾਂਜਲੀ ਭੇਟ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਆਏ, ਜੋ ਫੌਜੀ ਘੇਰੇ ਕਾਰਨ ਅੰਦਰ ਹੀ ਘਿਰ ਗਏ।...ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਦੀ ਬਲਯੂ ਸਟਾਰ ਅਪਰੇਸ਼ਨ ਲਈ ਚੋਣ ਕਰਨੀ, ਜਿਸ ਦਿਨ ਕਿ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਅਤੇ ਗੁਰੂ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਏ ਸਨ, ਇਸ ਪਿਛੇ ਹੁਕਮਰਾਨਾਂ ਅਤੇ ਫੌਜੀ ਅਧਿਕਾਰੀਆਂ ਦੀ ਕੋਈ ਬਦ-ਨਿਯਤੀ ਦੀ ਚਾਲ ਤਾਂ ਨਜ਼ਰੀਂ ਪੈਂਦੀ ਹੈ, ਪਰ ਇਸ ਵਿਚ ਕੋਈ ਬਹਾਦਰੀ ਜਾਂ ਯੋਧਾਗਿਰੀ ਦੀ ਝਲਕ ਨਹੀਂ ਮਿਲਦੀ—ਜਿਸ ਲਈ ਕਿ ਰਾਸ਼ਟਰਪਤੀ ਨੇ ਅਵਾਰਡ ਵੰਡੇ ਹਨ।

ਦਰਬਾਰ ਸਾਹਿਬ ਕੰਪਲੈਕਸ ਵਿਚ ਇਕੱਤ੍ਰ ਹੋਏ ਹਜ਼ਾਰਾਂ ਦੀ ਗਿਣਤੀ ਵਿਚ ਨੌਜੁਆਨਾਂ, ਬਿਰਧਾਂ, ਬੀਬੀਆਂ ਅਤੇ ਬੱਚਿਆਂ ਉਪਰ ਜੋ ਵਾਪਰੀ, ਗੋਲੀਆਂ, ਗੋਲਿਆਂ, ਅੱਗਾਂ, ਸਾਹ ਘੁਟਵੀਆਂ ਗੈਸਾਂ ਤੋਂ ਇਲਾਵਾ ਜਿਵੇਂ ਇਹਨਾਂ ਨੂੰ ਕਿਸੇ ਕਿਸਮ ਦੀ ਵਾਰਨਿੰਗ ਦੇਣ ਤੋਂ ਬਿਨਾਂ ਭੁਖੇ ਤ੍ਰਿਹਾਏ ਘੇਰ ਕੇ ਬਿਠਾਈ ਰਖਿਆ ਗਿਆ ਅਤੇ ਅਪਮਾਨਤ ਕੀਤਾ ਗਿਆ—ਇਸ ਨੂੰ ਉਪਰੋਕਤ ਜਨੇਵਾ ਕਰਾਰਨਾਮੇ ਵਿਚ ਆਈਆਂ ਬੰਦਸ਼ਾਂ ਨਾਲ ਮੇਚਿਆਂ, ਫੌਜ ਦੀ ਕਾਰਗੁਜ਼ਾਰੀ ਦੀ ਸਹੀ ਤਸਵੀਰ ਸਾਹਮਣੇ ਆਉਂਦੀ ਹੈ। ਸ਼ਹੀਦਾਂ ਦੀਆਂ ਵਿੱਪਤਰ ਦੇਹਾਂ ਨੂੰ ਕਿਸੇ ਕਿਸਮ ਦੀ ਸ਼ਨਾਖਤ ਕਰਨ ਜਾਂ ਉਹਨਾਂ ਦੇ ਘਰਦਿਆਂ ਨੂੰ ਸੂਚਨਾ ਦੇਣ ਤੋਂ ਬਗੈਰ ਹੀ ਕਾਰਪੋਰੇਸ਼ਨ ਦੇ ਕੂੜਾ ਢੋਣ ਵਾਲੇ ਟਰੱਕਾਂ ਰਾਹੀਂ ਇਕੱਠੇ ਕਰ ਕਰ ਕੇ ਪਟਰੋਲ ਆਦਿ ਸੁਟ ਕੇ ਸਸਕਾਰ ਕਰ ਦਿਤਾ ਗਿਆ।

ਕਮਾਯੂੰ ਰੈਜਮੈਂਟ ਦੇ ਇਕ ਨਾਇਕ ਨੇ, ਜਿਸ ਨੇ ਕਿ ਸੈਨਿਕ ਕਾਰਵਾਈ ਵਿਚ ਭਾਗ ਲਿਆ ਸੀ, ਪਰੋਬ ਇੰਡੀਆ (ਅਗਸਤ ੧੯੮੪) ਨੂੰ ਦਸਿਆ ਕਿ "ਅੰਧੇਰੇ ਵਿਚ ਜੋ ਵੀ ਦਿਸਦਾ, ਅਸੀਂ ਉਸ ਨੂੰ ਗੋਲੀ ਮਾਰ ਰਹੇ ਸਾਂ। ਇਸ ਤਰ੍ਹਾਂ ਕਈ ਆਦਮੀ ਅਤੇ ਇਸਤ੍ਰੀਆਂ ਮਾਰੀਆਂ ਗਈਆਂ.. ਛੇ ਜੂਨ ਦੀ ਸਵੇਰ ਸਵਰਨ ਮੰਦਰ ਦਾ ਚਾਰ ਚੁਫੇਰਾ, ਕਬਰਸਤਾਨ ਬਣ ਚੁਕਾ ਸੀ, ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਹੋਈਆਂ ਸਨ। ਸੂਰਜ ਚਮਕ ਰਿਹਾ ਸੀ ਅਤੇ ਲਾਸ਼ਾਂ ਦੀ ਬਦਬੂ ਸਹੀ ਨਹੀਂ ਸੀ ਜਾਂਦੀ। ਲਾਸ਼ਾਂ ਨੂੰ ਟਰੱਕਾਂ ਵਿਚ ਭਰ ਕੇ ਲੈ ਜਾਇਆ ਗਿਆ ਅਤੇ ਬਹੁਤ ਸਾਰੀਆਂ ਲਾਸ਼ਾਂ ਨੂੰ ਨਦੀ ਵਿਚ ਸੁਟ ਦਿਤਾ ਗਿਆ।"

ਇਥੇ ਹੀ ਬਸ ਨਹੀਂ, ਜ਼ਖ਼ਮੀਆਂ ਨੂੰ ਹਸਪਤਾਲ ਵਿਚ ਢੁਕਵੀਂ ਤੇ ਯੋਗ ਸਹਾਇਤਾ ਤੋਂ ਵਾਂਜਿਆ ਰਖਿਆ ਗਿਆ ਅਤੇ ਕੈਦੀਆਂ ਨੂੰ, ਜਿਨ੍ਹਾਂ ਵਿਚ ਦੁਧ ਚੁੰਘਦੇ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੀਕ ਸ਼ਾਮਲ ਸਨ, ਫੌਜੀ ਕੈਂਪ ਵਿਚ ਭੁੱਖੇ ਤ੍ਰਿਹਾਏ ਅਤੇ ਅਤਿ ਗਰਮੀ ਦੇ ਮੌਸਮ ਵਿਚ, ਛੋਟੇ ਛੋਟੇ ਬੰਦ ਕਮਰਿਆਂ ਵਿਚ ਬਿਨਾਂ ਪੱਖੇ ਆਦਿ ਦੀ ਸਹੂਲਤ ਦੇ ਰਖਿਆ ਗਿਆ ਅਤੇ ਹਰ ਤਰੀਕੇ ਨਾਲ ਅਪਮਾਨਤ ਕੀਤਾ ਗਿਆ।

ਖਬਰਾਂ ਉੱਪਰ ਪਾਬੰਦੀ ਅਤੇ ਪ੍ਰੈਸ ਸੈਂਸਰ ਨਾਲ ਵਿਦੇਸ਼ੀ ਅਖਬਾਰ-ਨਵੀਸਾਂ ਨੂੰ ਪੰਜਾਬ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਪਤਾ ਨਹੀਂ ਕਿਵੇਂ ਐਸੋਸੀਏਟਡ ਪ੍ਰੈਸ ਦੇ 'ਬ੍ਰਹਮ ਚੇਲਾਨੀ' ਅੰਮ੍ਰਿਤਸਰ ਵਿਚ ਘਿਰੇ ਰਹਿ✿


www.AKJ.Org

# ਗੁਰਬਾਣੀ ਦਾ ਉਚਾਰਨ

[ਗਿਆਨੀ ਜਸਵੰਤ ਸਿੰਘ ਜੀ ਬੀ.ਏ., ਬੀ.ਟੀ., ਸ੍ਰੀ ਅੰਮ੍ਰਿਤਸਰ]

ਅੱਖਰਾਂ ਦੀ ਤਰ੍ਹਾਂ ਲਗਾਂ ਮਾਤਰਾਂ ਅਤੇ ਲਗਾਖਰ ਵੀ ਬੋਲੀ ਦਾ ਅਨਿਖੜਵਾਂ ਅੰਗ ਹਨ। ਅੱਖਰਾਂ ਦੀਆਂ ਨਿਸਚਿਤ ਧੁਨੀਆਂ ਹਨ, ਪਰ ਇਹ ਧੁਨੀਆਂ ਲਗਾ ਮਾਤਰਾਂ ਦੀ ਸਹਾਇਤਾ ਨਾਲ ਪ੍ਰਗਟ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਆਈਆਂ ਸਮੂਹ ਲੱਗਾਂ-ਮਾਤਰਾਂ ਉਚਾਰਨ ਲਈ ਹਨ.। ਇਕ ਬੇਅਦਬੀ ਭਰਿਆ ਪਰਚਾਰ ਹੋ ਰਿਹਾ ਹੈ ਕਿ ਖ਼ਾਸ ਖ਼ਾਸ ਲੱਗਾਂ ਉਚਾਰਨ ਅਥਵਾ ਬੋਲਣ ਵਿਚ ਨਹੀਂ ਆਉਣੀਆਂ ਚਾਹੀਦੀਆਂ। ਇਸੇ ਸਿਲਸਿਲੇ ਵਿਚ ਇਹ ਪਰਚਾਰ ਕੀਤਾ ਜਾਂਦਾ ਹੈ ਕਿ ਕਈ ਥਾਈਂ 'ਹ' ਅੱਖਰ ਦੀ ਪਿਛਲੀ ਲਗ ਔਂਕੁੜ ('ੁ') ਜਾਂ ਸਿਹਾਰੀ ('ਿ') ਨਹੀਂ ਬੋਲਣੀ ਚਾਹੀਦੀ। ਉਦਾਹਰਣ ਵਜੋਂ ਨਿਤਨੇਮ ਦੀ ਮੁਖ-ਬਾਣੀ ਸ੍ਰੀ ਜਪੁਜੀ ਸਾਹਿਬ ਵਿਚ ਦੁਤੁਕੀ ਹੈ:—"ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ।" ਇਸ ਦੁਤੁਕੀ ਦਾ ਅੰਤਲਾ ਪਦ ਪਾਤਿਸਾਹੁ' ਉਚਾਰਨ ਵਿਚ ਉਨ੍ਹਾਂ ਦੇ ਖਿਆਲ ਅੰਦਰ 'ਪਾਤਿਸਾਹ' ਹੀ ਹੋਣਾ ਚਾਹੀਦਾ ਹੈ, ਪਹਿਲੀ ਤੁਕ ਦੇ ਅੰਤਲੇ ਪਦ 'ਸਾਲਾਹ' ਨਾਲ ਆਵਾਜ਼ ਪੂਰੀ ਤਰ੍ਹਾਂ ਉਹ ਮੇਲ ਦਿੰਦੇ ਹਨ। ਇਸ ਪਰਚਾਰ ਦੇ ਅਸਰ ਅਧੀਨ ਅਨੇਕਾਂ ਗੁਰਮੁਖ ਪਿਆਰੇ ਆਪਣੇ ਸ਼ੁਧ ਪਾਠ, ਲਗਾਂ-ਮਾਤਰਾਂ ਸਹਿਤ ਕਰਦੇ ਕਰਦੇ, ਗਲਤ ਸੇਧ ਨੂੰ ਪਰਵਾਣ ਕਰ ਕੇ, ਅਸ਼ੁਧ ਪਾਠ ਦੇ ਆਦੀ ਬਣ ਰਹੇ ਹਨ। ਇਹ ਰਵਸ਼ ਜਾਂ ਕੁਰੀਤੀ ਹਰਗਿਜ਼ ਪਰਵਾਨ ਕਰਨ ਯੋਗ ਜਾਂ ਅਪਨਾਣ ਯੋਗ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਨ ਬੀੜ ਭਾਈ ਗੁਰਦਾਸ ਜੀ ਦੇ ਪਵਿਤਰ ਹੱਥਾਂ ਰਾਹੀਂ ਸ੍ਰੀ

---

✿ਗਏ ਅਤੇ ਉਨ੍ਹਾਂ ਨੇ ਇਹ ਖਬਰ ਵੀ ਲੱਭ ਲਈ ਕਿ ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਉਹਨਾਂ ਦੇ ਪਿਛੇ ਹੱਥ ਬੰਨ੍ਹ, ਨੇੜੇ ਤੋਂ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਅਸਲ ਵਿਚ ਕੋਈ ਇਨਾਮ ਜਾਂ ਸਨਮਾਨ ਤਾਂ ਇਸ ਬਹਾਦਰ ਪੱਤਰਕਾਰ ਨੂੰ ਮਿਲਣਾ ਚਾਹੀਦਾ ਸੀ, ਜਿਸ ਨੇ ਇਹ ਦੁਖਦਾਈ ਖ਼ਬਰ ਪ੍ਰਾਪਤ ਕੀਤੀ ਅਤੇ ਉਸ ਨੂੰ ਦੁਨੀਆ ਭਰ ਦੀ ਪ੍ਰੈਸ ਵਿਚ ਪ੍ਰਕਾਸ਼ਤ ਕਰਵਾ ਕੇ ਅਸਲੀਅਤ ਸਾਹਮਣੇ ਲਿਆਂਦੀ। ਪਰ ਵਾਪਰਿਆ ਇਹ ਕਿ ਇਸ ਪੱਤਰਕਾਰ ਨੂੰ ਕਈ ਕੇਸਾਂ ਦਾ ਸਾਹਮਣਾ ਕਰਨਾ ਪਿਆ।

ਬਲਯੂ ਸਟਾਰ ਉਪਰੇਸ਼ਨ ਦੌਰਾਨ ਫੌਜੀਆਂ ਦੁਆਰਾ, ਸ੍ਰੀ ਦਰਬਾਰ ਸਾਹਿਬ ਅਤੇ ਆਸ ਪਾਸ ਦੇ ਘਰਾਂ, ਦੁਕਾਨਾਂ ਵਿਚ ਲੁੱਟ-ਪੁੱਟ ਕਰਨ ਦੀਆਂ ਆਮ ਕਹਾਣੀਆਂ ਸੁਣਨ ਨੂੰ ਮਿਲੀਆਂ। ੧੯ ਮਾਰਚ ਦੀ ਇੰਡੀਅਨ ਐਕਸਪ੍ਰੈਸ ਅਨੁਸਾਰ, ਇਕ ਲੈਫ: ਕਰਨਲ ਦੁਆਰਾ ਕੀਤੀ ਗਈ ਇਕ ਗੁਪਤ ਇਨਕੁਆਰੀ ਵਿਚ ਚਾਰ ਫੌਜੀ ਅਫਸਰਾਂ ਨੂੰ ਲੁੱਟ ਮਾਰ ਦੇ ਕੇਸਾਂ ਵਿਚ ਦੋਸ਼ੀ ਪਾਇਆ ਗਿਆ ਹੈ। ਰਿਪੋਰਟ ਅਨੁਸਾਰ ਕੁਝ ਅਫਸਰਾਂ ਦੇ ਘਰਾਂ ਵਿਚੋਂ ਸ੍ਰੀ ਦਰਬਾਰ ਸਾਹਿਬ ਅਤੇ ਆਸ-ਪਾਸ ਦੇ ਘਰਾਂ ਵਿਚੋਂ ਲੁਟਿਆ ਮਾਲ ਬਰਾਮਦ ਵੀ ਕੀਤਾ ਗਿਆ ਹੈ। ਅਫਸਰਾਂ ਦਾ ਇਹ ਹਾਲ, ਥੱਲੇ ਦੇ ਅਮਲੇ ਨੇ ਕੀ ਕੀਤਾ ਹੋਵੇਗਾ, ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ।

ਸੋ ਚੰਗੀ ਗੱਲ ਸੀ ਕਿ ਜੇਕਰ ਬਲਯੂ ਸਟਾਰ ਓਪਰੇਸ਼ਨ ਕਰਨ ਵਾਲੇ ਫੌਜੀਆਂ ਨੂੰ ਬਹਾਦਰੀ ਦੇ ਤਗਮੇ ਵੰਡਣ ਤੋਂ ਪਹਿਲਾਂ ਇਹਨਾਂ ਸਭ ਗੱਲਾਂ ਦੀ ਘੋਖ ਕਰ ਲਈ ਜਾਂਦੀ ਅਤੇ ਇਹ ਵੀ ਸੋਚ ਲਿਆ ਜਾਂਦਾ ਕਿ ਇਸ ਕਾਰਗੁਜ਼ਾਰੀ ਨਾਲ ਜ਼ਖਮੀ ਸਿੱਖ ਹਿਰਦਿਆਂ ਉਪਰ ਕੀ ਵਾਪਰੇਗੀ? ਮਹਿਸੂਸ ਹੁੰਦਾ ਹੈ ਕਿ ਸਿੱਖ ਕੌਮ ਉਪਰ ਇਤਨਾ ਕੁਝ ਗੁਜ਼ਰਨ ਦੇ ਬਾਅਦ ਵੀ ਦਿੱਲੀ ਦੇ ਤਾਜਦਾਰਾਂ ਦੀ ਅਜੇ ਪਿਆਸ ਨਹੀਂ ਮਿਟੀ। ਖ਼ੁਦਾ ਜਾਣੇ, ਅੱਗੇ ਕੀ ਹੋਵੇਗਾ—ਪਰ ਇਹ ਗੱਲ ਬੜੀ ਸਪਸ਼ਟ ਹੈ ਕਿ ਕੇਂਦਰ ਦੁਆਰਾ ਸਦਭਾਵਨਾ ਜਾਂ ਮਾਹੌਲ ਠੀਕ ਕਰਨ ਦੀ ਜੋ ਰਟ ਲਗਾਈ ਜਾ ਰਹੀ ਹੈ, ਇਹ ਸਰਕਾਰੀ ਵਾਈਟ ਪੇਪਰ ਦੀ ਤਰ੍ਹਾਂ ਬਦਨਿਯਤੀ ਵਾਲੇ ਕੋਰੇ ਝੂਠ ਤੋਂ ਬਿਨਾਂ ਹੋਰ ਕੁਝ ਨਹੀਂ।......

[ਗੁਰਮਤਿ ਪ੍ਰਕਾਸ਼, ਅਪ੍ਰੈਲ ੧੯੮੫



www.AKJ.Org

ਗੁਰੂ ਅਰਜਨ ਦੇਵ ਜੀ ਦੀ ਨਿਜ ਦੀ ਨਿਗਰਾਨੀ ਵਿਚ ਲਿਖੀ ਗਈ। ਸ੍ਰੀ ਗੁਰਦੇਵ ਜੀ ਆਪਣੇ ਮੁਖਹੁੰ ਬਾਣੀ ਉਚਾਰਨ ਕਰਦੇ, ਭਾਈ ਗੁਰਦਾਸ ਜੀ ਦੇ ਵਡਭਾਗੇ ਹੱਥ ਕਲਮ ਰਾਹੀਂ ਗੁਰ-ਸ਼ਬਦਾਂ ਦੇ ਹੀਰੇ ਮੋਤੀਆਂ ਦੀਆਂ ਮਾਲਾਂ ਪ੍ਰੋ ਪ੍ਰੋ ਧਰੀ ਜਾਂਦੇ। ਗੁਰਦੇਵ ਜੀ ਕੋਈ ਕਲੀ ਕਲੀ ਲੱਗ-ਮਾਤਰ ਦਾ ਉਚਾਰਨ ਥੋੜਾ ਕਰ ਰਹੇ ਸਨ ? ਭਾਈ ਗੁਰਦਾਸ ਜੀ ਵਿਦਵਾਨ ਸਨ ਤੇ ਸ਼ਰਧਾਵਾਨ ਸਨ, ਗੁਰਬਾਣੀ ਦਾ ਲੱਗ-ਮਾਤਰੀ ਗਿਆਨ ਰਖਦੇ ਸਨ। ਗੁਰੂ ਬਖਸ਼ੀ ਆਪਣੀ ਵਿਦਵਤਾ ਤੇ ਸ਼ਰੋਤ ਦੇ ਆਧਾਰ ਤੇ ਬਾਣੀ ਦਾ ਉਤਾਰਾ ਹੋ ਰਿਹਾ ਸੀ, ਜਿਸਦੀ ਤਸਦੀਕ ਨਾਲ ਦੇ ਨਾਲ ਸ੍ਰੀ ਸਤਿਗੁਰੂ ਮਹਾਰਾਜ ਕਰੀ ਜਾ ਰਹੇ ਸਨ। ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ ਬੀੜਾਂ ਦੇ ਹਜ਼ਾਰਾਂ ਉਤਾਰੇ ਹੋਏ। ਜ਼ਰੂਰੀ ਹੈ ਕਿ ਹਰ ਲਿਖਾਰੀ ਕਿਸੇ ਹੋਰ ਪਾਸੋਂ ਪਹਿਲਾਂ ਬਾਣੀ ਆਪਣੇ ਕੰਨਾਂ ਥਾਣੀਂ ਸੁਣ ਕੇ ਉਸਦਾ ਉਤਾਰਾ ਕਰਦਾ ਸੀ। ਜੇ ਪੰਚਮ ਪਾਤਸ਼ਾਹ ਤੇ ਹੋਰ ਸਾਰੇ ਲਿਖਾਰੀਆਂ ਦੇ ਸਹਾਇਕ ਉਚਾਰਨ ਸੰਬੰਧੀ ਉਪ੍ਰੋਕਤ ਵਿਚਾਰਧਾਰਾ ਦੇ ਧਾਰਨੀ ਹੋਂਦੇ ਤਾਂ ਮਹਾਰਾਜ ਦੇ ਸਰੂਪ ਵਿਚ ਹਜ਼ਾਰਾਂ ਥਾਈਂ ਪਿਛਲਿਆਂ ਹਾਹਿਆਂ ਦੀਆਂ ਔਂਕੜਾਂ ਤੇ ਸਿਹਾਰੀਆਂ ਖੰਭ ਲਗਾ ਕੇ ਉਡ ਜਾਂਦੀਆਂ। ਜੇ ਕੋਈ ਲਗ ਉਚਾਰਨ ਵਿਚ ਨਹੀਂ ਆਉਣੀ ਤਾਂ ਸਰਬੱਗ ਸਤਿਗੁਰੂ ਨੇ ਉਹ ਲਾਉਣੀ ਹੀ ਕਾਹਨੂੰ ਸੀ ?

ਦਾਸ ਗੁਰਬਾਣੀ ਦੇ ਹਰ ਸ਼ਰਧਾਲੂ ਪਾਠੀ ਨੂੰ ਜੋਦੜੀ ਕਰਦਾ ਹੈ ਕਿ ਲਗਾਂ-ਮਾਤ੍ਰਾਂ ਨੂੰ ਧਿਆਨ ਵਿਚ ਰਖ ਕੇ ਸ਼ੁਧ ਉਚਾਰਨ ਦਾ ਤਰਲਾ ਜਾਂ ਤਰੱਦਦ ਜ਼ਰੂਰ ਕਰਨਾ ਚਾਹੀਦਾ ਹੈ। ਉਦਮ ਕਰਦਿਆਂ ਅਣਭੋਲ ਜੋ ਗ਼ਲਤੀਆਂ ਹੋ ਜਾਣ, ਸਤਿਗੁਰੂ ਬਖਸ਼ੰਦ ਹਨ, ਬਖਸ਼ ਦੇਣਗੇ। ਜੋ ਗਲਤੀਆਂ ਅਸੀਂ ਜਾਣ ਬੁਝ ਕੇ ਵੇਖਦੇ ਚਾਖਦੇ, ਗ਼ਲਤ ਪ੍ਰਾਪੇਗੰਡੇ ਦੇ ਅਸਰਾਂ ਵਿਚ ਆ ਕੇ ਕਰਾਂਗੇ, ਤਾਂ ਫਿਰ 'ਹਾਥ-ਦੀਪ-ਕੂਐ-ਪਰੈ' ਵਾਲੀ ਗੱਲ ਹੋਵੇਗੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਹੁਰਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਵਿਹਲ ਕਢ ਕੇ 'ਗੁਰਬਾਣੀ ਦੀਆਂ ਲਗਾਂ-ਮਾਤਰਾਂ ਦੀ ਵਿਲੱਖਣਤਾ' ਪ੍ਰਗਟ ਕਰਨ ਲਈ ਹੀ ਇਕ ਪੁਸਤਕ ਲਿਖੀ ਹੈ, ਇਹ ਲਗਾਂ-ਮਾਤਰਾਂ ਕੋਈ ਵਾਧੂ ਲੱਗੀਆਂ ਹਨ, ਜੋ ਇਨ੍ਹਾਂ ਨੂੰ ਉਚਾਰਨ ਵਿਚ ਨਾ ਲਿਆਈਏ। ਇਨ੍ਹਾਂ ਦੀ ਵਡਿਆਈ-ਮਈ ਵਿਲੱਖਣਤਾ ਨੂੰ ਸਮਝਣ ਦੀ ਲੋੜ ਹੈ। ਇਸ ਵਡਿਆਈ ਦੀ ਵੰਡ ਵਿਚ ਸਾਰੇ ਸਿਖ ਸ਼ਰਧਾਲੂ, ਪਾਠੀ ਤੇ ਸ਼ਰੋਤੇ ਹੱਕ ਰਖਦੇ ਹਨ। ਜੇ ਜਤਨਾਂ ਦੇ ਬਾਵਜੂਦ ਅਸੀਂ ਕੋਈ ਬਾਤ, ਗੁਰਬਾਣੀ ਦੀ ਗੋਝ ਗੱਲ, ਸਮਝ ਨਾ ਸਕੀਏ, ਤਾਂ ਇਨ੍ਹਾਂ ਲਗਾਂ ਤੇ ਵਿਸ਼ਵਾਸ ਰਖਦੇ ਹੋਏ, ਸਤਿਗੁਰੂ ਉਤੇ ਪਰਤੀਤ ਰਖਦੇ ਹੋਏ ਉਨ੍ਹਾਂ ਦੇ ਉਚਾਰਨ ਵਲੋਂ ਤਾਂ ਬੇਮੁਖ ਨਾ ਹੋਈਏ। ਇਹ ਸਮਝ ਕੇ ਕਿ ਸਾਨੂੰ ਜਾਂ ਸ਼ਰੋਤਿਆਂ ਨੂੰ ਲਗ-ਮਾਤਰੀ ਨਿਯਮਾਂ ਦੀ ਸੂਝ ਨਹੀਂ, ਇਨ੍ਹਾਂ ਦੇ ਉਚਾਰਨ ਵਲੋਂ ਅਵੇਸਲਾ ਹੋਣਾ ਸੋਭਦਾ ਨਹੀਂ ਹੈ। ਭਾਈ ਸਾਹਿਬ ਜੀ ਨੂੰ ਜਦੋਂ ਇਹ ਸੋਝੀ ਨਹੀਂ ਸੀ, ਉਸ ਸਮੇਂ ਬਾਰੇ ਆਪਣੀ ਪੁਸਤਕ ਵਿਚ ਲਿਖਦੇ ਹਨ "ਕਈ ਪੁਰਾਤਨ ਅਖੰਡ-ਪਾਠੀਆਂ ਦੇ ਅਖੰਡਪਾਠ ਵੀ ਐਸੇ ਸੁਣੇ ਕਿ ਉਹ ਲਗਾਂ ਮਾਤ੍ਰਾਂ ਸਪੱਸ਼ਟ ਉਚਾਰਨ ਕਰ ਕੇ ਕਰਦੇ ਸਨ ਅਤੇ ਬੜੇ ਚਿਤ ਨੂੰ ਚੰਗੇ ਲਗਦੇ ਸਨ।" ਜੇ ਲਗਾਂ-ਮਾਤ੍ਰਾਂ ਦਾ ਸਪਸ਼ਟ ਉਚਾਰਨ ਇਕ ਆਦਰਸ਼ਕ ਸਿਖ ਨੂੰ ਚੰਗਾ ਲਗਦਾ ਹੈ ਤਾਂ ਯਕੀਨਨ ਸਤਿਗੁਰੂ ਨੂੰ ਵੀ ਰੀਝਾਉਂਦਾ ਹੈ।

ਕੇਵਲ ਇਕ ਜਪੁਜੀ ਦਾ ਪਾਠ ਸੁਣ ਕੇ ਬਹੁ-ਪਰਉਪਕਾਰੀ, ਭਾਰੀ ਜੋਧੇ, ਮੀਰੀ ਪੀਰੀ ਦੇ ਮਾਲਕ ਛਟਮ ਪੀਰ ਆਪਣੀ ਜਗਤ-ਗੁਰਤਾ ਦੀ ਗੱਦੀ ਸੌਂਪਣ ਲਈ ਤਿਆਰ ਹੋ ਗਏ ਸਨ ਤਾਂ ਉਸ ਦਾ ਕਾਰਨ ਕੇਵਲ ਪਿਆਰ-ਸਤਿਕਾਰ ਭਰਿਆ ਸਿਖ-ਹਿਰਦਾ ਜਾਂ ਮਿੱਠੀ ਆਵਾਜ਼ ਹੀ ਨਹੀਂ ਸੀ, ਸਗੋਂ ਲਗਾਂ-ਮਾਤਰਾਂ ਤੀਕ ਸ਼ੁਧਤਾ ਵੀ ਉਸ ਵਿਚ ਸ਼ਾਮਲ ਸੀ। ਦਸਵੇਂ ਪਾਤਸ਼ਾਹ ਦੀ ਇਕ ਸਿਖ ਨੂੰ ਦੁਲਾਂ ਬਦਲੇ ਲਾਂ ਉਚਾਰਨ ਕਾਰਨ ਉਸਦੀ ਤਾੜਨਾ ਕਰਨੀ ਇਹ ਦਸਦੀ ਹੈ ਕਿ ਸਾਨੂੰ ਲਗਾਂ-ਮਾਤਰਾਂ ਦੇ ਉਚਾਰਨ ਸਮੇਂ ਕਿੰਨਾ ਸਾਵਧਾਨ ਹੋਣ ਦੀ ਲੋੜ ਹੈ। ਜੇ ਉਸ ਸਿਖ ਨੇ 'ਕੈ' ਦੀ 'ਕੇ' ਪੜ੍ਹ ਕੇ ਅਨਭੋਲ ਹੀ ਗੁਰੂ ਦੀ ਸਮਰੱਥਾ ਬਾਰੇ ਨਿਰਾਦਰੀ ਕੀਤੀ ਸੀ ਤਾਂ ਅਸੀਂ ਵੀ ਔਂਕੜਾਂ ਸਿਹਾਰੀਆਂ ਵਲੋਂ ਅਣਭੋਲ ਨਹੀਂ, ਜਾਣ ਬੁਝ ਕੇ ਅਣਗਹਿਲੀ ਕਰ ਕੇ ਗੁਰੂ ਮਹਾਰਾਜ ਦਾ ਨਿਰਾ ਨਿਰਾਦਰ ਹੀ ਕਰ ਰਹੇ ਹਾਂ।

ਸਾਡੇ ਅਸ਼ੁਧ ਉਚਾਰਨ ਵਿਚ ਵੀ ਅਨੇਕਾਂ ਥਾਈਂ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਐਸੀ ਹੀ ਇਕ ਗੁਸਤਾਖ਼ੀ ਦਾ ਸ਼ਿਕਾਰ ਹੋ ਕੇ ਭਸੌੜੀਆਂ ਨੇ 'ਵਾਹਿਗੁਰੂ' ਗੁਰਮੰਤ੍ਰ ਦੀ ਥਾਂ ਆਪਣਾ ਨਿਜੀ ਮੰਤਰ "ਵਾਹਗੁਰ" ਘੜ



www.AKJ.Org

ਲਿਆ। ਨਿਰੀ ਮੂਰਖਤਾ ਤੇ ਮਨਮਤਿ ਹੈ ਇਸ ਕਚੀ ਘਾੜਤ ਵਿਚ। "ਵਾਹਗੁਰ" ਪਦ ਨੇ· ਗੁਰਮੰਤ੍ਰ ਜਾਂ ਅਕਾਲ ਪੁਰਖ ਦਾ ਨਾਉਂ ਤਾਂ ਕੀ ਹੋਣਾ ਹੈ, ਗੁਰਬਾਣੀ ਵਿਆਕਰਣ ਅਨੁਸਾਰ ਇਹ ਕੋਈ ਵੀ ਨਾਉਂ ਜਾਂ ਸ਼ਬਦ ਨਹੀਂ ਹੋ ਸਕਦਾ। ਇਹ ਬਿਲਕੁਲ ਹੀ ਬੇਮਾਅਨੀ ਲਫ਼ਜ਼ ਹੈ। ਕਈ ਵੇਰ ਵੇਖਿਆ ਹੈ ਕਿ ਇਸ ਪਰਚਾਰ ਦੇ ਅਧੀਨ ਜਾਂ ਅਣਭੋਲ ਹੀ ਕਈ ਪਿਆਰੇ ਗੁਰਮੰਤ੍ਰ ਵਿਚ ਵੀ ਪਹਿਲੇ ਅੱਧ ਦੀ ਸਿਹਾਰੀ ਦਾ ਉਚਾਰਨ ਨਹੀਂ ਕਰਦੇ। ਇਸ ਬਾਰੇ ਸਾਵਧਾਨਤਾ ਚਾਹੀਦੀ ਹੈ।

ਇਸ ਸਾਰੀ ਸੰਖੇਪ ਵਿਚਾਰ ਦਾ ਆਸ਼ਾ ਇਹੀ ਹੈ ਕਿ ਕਿਸੇ ਗਲਤ ਮਤ ਦੇ ਮਗਰ ਲੱਗ ਕੇ ਇਕ 'ਹ' ਨੂੰ ਲੱਗੀ ਲੱਗ '_' ਜਾਂ 'ਿ' ਤੋਂ ਤਾਂ ਕੀ, ਕਿਸੇ ਵੀ ਅੱਖਰ ਦੀ ਕਿਸੇ ਵੀ ਲੱਗ ਤੋਂ ਅਵੇਸਲਾ ਨਹੀਂ ਹੋਣਾ ਚਾਹੀਦਾ। ਜਦੋਂ ਸਾਰੇ ਗੁਰੂ-ਪ੍ਰੇਮੀ ਇਸ ਤਰ੍ਹਾਂ ਸਾਵਧਾਨ ਹੋ ਗਏ, ਫਿਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਸਰੂਪ— ਜੋ ਹਰ ਇਕ ਲਗ-ਮਾਤਰ ਤੀਕ ਠੀਕ ਹੋਵੇਗਾ, ਪੰਥ ਵਿਚ ਪਰਗਟ ਹੋਣ ਵਿਚ ਦੇਰੀ ਨਹੀਂ ਲੱਗੇਗੀ।

---

**ਸੰਤ ਲੌਂਗੋਵਾਲ ਦੀ ਚਿਤਾਵਨੀ :**

## ਜਬਰ ਬੰਦ ਨਾ ਹੋਣ ਤੇ ਦੇਸ਼ ਚਿ ਲਾਵਾ ਭੜਕੇਗਾ

ਮਲੇਰਕੋਟਲਾ, 8 ਅਪ੍ਰੈਲ (ਪੱਤਰ ਪ੍ਰੇਰਕ)—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਵਖਰੀ ਕੌਮ ਤੇ ਹਮੇਸ਼ਾਂ ਹੀ ਵਖਰੀ ਰਹੇਗੀ। ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਸਿੱਖਾਂ ਨੇ ਸਭ ਤੋਂ ਵਧ ਕੁਰਬਾਨੀਆਂ ਦਿਤੀਆਂ ਪਰੰਤੂ ਦੇਸ਼ ਨੂੰ ਆਜ਼ਾਦੀ ਮਿਲਣ ਪਿਛੋਂ ਸਾਨੂੰ ਦੋ ਨੰਬਰ ਦੇ ਸ਼ਹਿਰੀ ਸਮਝਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇੰਦਰਾ ਦੇ ਕਤਲ ਪਿਛੋਂ ਸਿੱਖਾਂ ਤੇ ਜੋ ਜ਼ੁਲਮ ਢਾਹੇ ਗਏ, ਉਸ ਦੀ ਕਿਤੇ ਵੀ ਕੋਈ ਮਿਸਾਲ ਨਹੀਂ ਮਿਲਦੀ। ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਤੇ ਉਹਨਾਂ ਨੂੰ ਘਰਾਂ ਤੋਂ ਬੇਘਰ ਕਰ ਦਿਤਾ ਗਿਆ...ਸਾਡੇ 500 ਤੋਂ ਵਧ ਗੁਰਦਵਾਰੇ ਢਾਹ ਢੇਰੀ ਕਰ ਦਿਤੇ ਗਏ। ਸਮੇਂ ਦੀ ਸਰਕਾਰ ਦੀ ਨੀਤੀ ਪਾੜੋ ਤੇ ਰਾਜ ਕਰੋ ਵਾਲੀ ਹੈ। ਇਹ ਸਾਨੂੰ ਹਿੰਦੂਆਂ ਨਾਲ ਲੜਾਣਾ ਚਾਹੁੰਦੀ ਹੈ ਤਾਂ ਜੁ ਉਹਨਾਂ ਦੀ ਕੁਰਸੀ ਨੂੰ ਕੋਈ ਖਤਰਾ ਪੈਦਾ ਨਾ ਹੋ ਸਕੇ। ਪਰੰਤੂ ਸਾਨੂੰ ਇਸ ਨੀਤੀ ਤੋਂ ਬਚ ਕੇ ਚਲਣਾ ਹੋਏਗਾ। ਸਾਡੀ ਹਿੰਦੂਆਂ ਨਾਲ ਕੋਈ ਲੜਾਈ ਨਹੀਂ। ਸੰਤ ਜੀ ਨੇ ਹੋਰ ਕਿਹਾ ਕਿ ਜਦੋਂ ਤਕ ਵਿਸ਼ੇਸ਼ ਅਦਾਲਤਾਂ ਨੂੰ ਖਤਮ ਨਹੀਂ ਕੀਤਾ ਜਾਂਦਾ ਤੇ ਜੇਹਲਾਂ ਵਿਚ ਬੰਦ ਸਾਰੇ ਸਿੰਘ ਰਿਹਾਅ ਨਹੀਂ ਕੀਤੇ ਜਾਂਦੇ, ਉਸ ਸਮੇਂ ਤਕ ਸਰਕਾਰ ਨਾਲ ਗੱਲ ਕਰਨਾ ਤਾਂ ਦੂਰ ਦੀ ਗੱਲ ਹੈ, ਅਸੀਂ ਉਸ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਹਾਂ। ਉਹਨਾਂ ਸਰਕਾਰ ਨੂੰ ਚਿਤਾਵਨੀ ਦਿਤੀ ਕਿ ਉਹ ਸਿੱਖਾਂ ਦੇ ਜਜ਼ਬਾਤ ਨਾਲ ਖੇਡਣ ਦਾ ਯਤਨ ਨਾ ਕਰੇ ਕਿਉਂਕਿ ਹੁਣ ਸਾਡੇ ਸਬਰ ਦਾ ਪਿਆਲਾ ਭਰ ਗਿਆ ਹੈ। ......ਉਨ੍ਹਾਂ ਕਿਹਾ ਕਿ ਸਾਡੇ ਤੇ ਜੇਕਰ ਜਬਰ ਬੰਦ ਨਾ ਹੋਇਆ ਤਾਂ ਦੇਸ਼ ਵਿਚ ਅਜਿਹਾ ਲਾਵਾ ਫੁਟੇਗਾ ਕਿ ਸਾਨੂੰ ਸੰਭਾਲਣਾ ਮੁਸ਼ਕਲ ਹੋ ਜਾਵੇਗਾ।......

—ਅਜੀਤ, ੯-4-85

**ਦਰਬਾਰ ਸਾਹਿਬ ਕੰਪਲੈਕਸ 'ਚ ਸੁਰੱਖਿਆ ਦਸਤੇ ਮੁੜ ਦਾਖ਼ਲ—**

## ਸਿੰਘ ਸਾਹਿਬਾਨ ਵਲੋਂ ਨਿੰਦਾ

ਅੰਮ੍ਰਿਤਸਰ 20 ਅਪ੍ਰੈਲ (ਪੀ ਟੀ ਆਈ)—ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿ: ਸਾਹਿਬ ਸਿੰਘ ਨੇ ਅੱਜ ਸੁਰੱਖਿਆ ਦਸਤਿਆਂ ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਰਾਵਾਂ ਦੀ ਤਲਾਸ਼ੀ ਲੈਣ ਦੀ ਕਾਰਵਾਈ ਨੂੰ ਅਫਸੋਸਨਾਕ ਕਰਾਰ ਦਿਤਾ ਤੇ ਕਿਹਾ ਕਿ ਸਿੱਖ ਸਰਕਾਰ ਦੀ ਇਸ ਕਾਰਵਾਈ ਨੂੰ ਸਹਿਣ ਨਹੀਂ ਕਰਨਗੇ। .....

ਸਿੰਘ ਸਾਹਿਬਾਨ ਨੇ ਕਿਹਾ ਕਿ ਪਿਛਲੇ ਸਾਲ ਜੂਨ ਵਿਚ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਨੂੰ ਸਿੱਖ ਹਾਲੇ ਤਕ ਭੁਲਾ ਨਹੀਂ ਸਕੇ, ਪਰ ਹੁਣ ਦਰਬਾਰ ਸਾਹਿਬ ਨੂੰ ਦੇਸ਼-ਵਾਸੀਆਂ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ ਲਈ ਨਵਾਂ ਹਮਲਾ ਕੀਤਾ ਗਿਆ ਹੈ।

—ਅਜੀਤ, 21-4-85

www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਟ੍ਰਸਟ ਵਲੋਂ
# ਤਿੰਨ ਗੁਰਮਤਿ ਪ੍ਰਚਾਰ ਸਕੀਮਾਂ

ਭਾ: ਸਾ: ਭਾਈ ਰਣਧੀਰ ਸਿੰਘ ਟ੍ਰਸਟ ਦੇ ਟ੍ਰਸਟੀਆਂ ਦੀ ਮੀਟਿੰਗ ਦੀ ਕਾਰਵਾਈ ੧੧-੪-੮੫ ਸ਼ਾਮ ਨੂੰ ਪੰਜ ਵਜੇ ਸ੍ਰੀ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਚ ਜਥੇਦਾਰ ਰਾਮ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ।

ਹੇਠ ਲਿਖੇ ਟ੍ਰਸਟੀ ਸ਼ਾਮਲ ਹੋਏ :—

(੨) ਸ: ਬਲਬੀਰ ਸਿੰਘ ਜੀ ਲੁਧਿਆਣਾ, (੩) ਡਾ: ਦਰਸ਼ਨ ਸਿੰਘ ਜੀ ਲੁਧਿਆਣਾ, (੪) ਸ: ਹਰਚਰਨ ਸਿੰਘ ਜੀ ਚੰਡੀਗੜ੍ਹ, (੫) ਡਾ: ਬੇਅੰਤ ਸਿੰਘ ਜੀ ਦਿੱਲੀ। ਹੇਠ ਲਿਖੀਆਂ ਵੀਚਾਰਾਂ ਹੋਈਆਂ—

I. ਪੋਹ ਸੁਦੀ ਸਪਤਮੀ ਗੁਰਪੁਰਬ ਲੁਧਿਆਣੇ ਸਮੇਂ ਫੈਸਲਾ ਹੋਇਆ ਸੀ ਕਿ ਬੱਚਿਆਂ ਨੂੰ ਧਾਰਮਿਕ ਪ੍ਰੇਰਨਾ ਦੇਣ ਵਾਸਤੇ, ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਪਵਿੱਤਰ ਨਾਮ ਨਾਲ ਸੰਬੰਧਤ ਜਾਰੀ ਕੀਤੀਆਂ ਤਿੰਨੇ ਸਕੀਮਾਂ ਹਮੇਸ਼ਾ ਲਈ ਪ੍ਰਪੱਕ ਕੀਤੀਆਂ ਜਾਣ। ਇਸ ਲਈ ਟ੍ਰਸਟ ਦੇ ਕੰਮ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਗਿਆ—

(੧) ਤਿੰਨਾਂ ਸਕੀਮਾਂ ਲਈ ਬਿਨੈ-ਪੱਤਰ ਇਕ-ਸਾਰ ਕਰਕੇ ਇਕੋ ਜਹੇ ਤਿਆਰ ਕੀਤੇ ਜਾਣ, ਜ ਤਿੰਨਾਂ ਥਾਵਾਂ ਤੋਂ ਪ੍ਰਾਪਤ ਹੋ ਸਕਣ—

(ੳ) ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ (ਅ) ਸੂਰਾ ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ (ੲ) ਮਾਸਟਰ ਹਰਬੰਸ ਸਿੰਘ ਜੀ, ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ।

ਬਿਨੈਕਾਰ ਫਾਰਮ ਭਰ ਕੇ ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਭੇਜਣ। ਉਥੇ ਇਨ੍ਹਾਂ ਫਾਰਮਾਂ ਦੀ ਛਾਣਬੀਣ ਕਰ ਕੇ ਪ੍ਰੀਖਿਆ ਵਾਲੀ ਥਾਂ ਤੇ ਭੇਜ ਦਿਤੇ ਜਾਣ।

(੨) ਤਿੰਨਾਂ ਸਕੀਮਾਂ ਦੇ ਨਾਮ ਇਕ-ਸਾਰ ਕਰ ਕੇ, ਹੇਠ ਲਿਖੀਆਂ ਥਾਵਾਂ ਤੇ ਪਹਿਲਾਂ ਵਾਂਗ ਪ੍ਰੀਖਿਆ ਹੋਇਆ ਕਰੇਗੀ—

(ੳ) ਨਿਤਨੇਮ ਉਤਸ਼ਾਹਤ ਸਕੀਮ—ਦਿਲੀ (ਅ) ਪਾਠ ਉਤਸ਼ਾਹਤ ਸਕੀਮ—ਲੁਧਿਆਣਾ

(ੲ) ਕੀਰਤਨ ਉਤਸ਼ਾਹਤ ਸਕੀਮ—ਅੰਮ੍ਰਿਤਸਰ

II. ਤਿੰਨਾਂ ਸਕੀਮਾਂ ਦਾ ਸਾਰਾ ਹਿਸਾਬ ਕਿਤਾਬ ਟ੍ਰਸਟ ਪਾਸ ਹੋਵੇਗਾ ਅਤੇ ਇਨਾਮਾਂ ਤੇ ਵਜ਼ੀਫਿਆਂ ਦੀ ਰਕਮ ਵੀ ਇਥੋਂ ਹੀ ਭੇਜੀ ਜਾਵੇਗੀ।

III. ਤਿੰਨਾਂ ਸਕੀਮਾਂ ਬਾਰੇ ਵਿਚਾਰ ਬਾਅਦ ਫੈਸਲੇ ਹੋਏ ਕਿ—

(ੳ) ਨਿਤਨੇਮ ਸਕੀਮ ਵਿਖੇ ਬਿਨੈਕਾਰ ਹੇਠ ਲਿਖੇ ਤਿੰਨਾਂ ਭਾਗਾਂ ਵਿਚ ਵੰਡੇ ਜਾਣਗੇ—

| ਜਮਾਤ | ਕੰਠ ਬਾਣੀਆਂ | ਵਜ਼ੀਫਾ |
|---|---|---|
| 1. ਛੇਵੀਂ ਤਕ | ਜਪੁ ਜੀ, ਰਹਿਰਾਸ, ਸੋਹਿਲਾ | ੨੫-੦੦ ਮਹੀਨਾ |
| 2. ਦਸਵੀਂ ਤਕ | ਜਪੁ ਜੀ, ਜਾਪੁ, ਸਵਯੇ, ਚੌਪਈ, ਅਨੰਦ ਸਾਹਿਬ ਰਹਿਰਾਸ, ਸੋਹਿਲਾ | ੫੦-੦੦ ਮਹੀਨਾ |
| 3. ਹਾਇਰ ਸੈਕੰਡਰੀ ਤੇ ਕਾਲਜੀਏਟ | ਵਧ ਤੋਂ ਵਧ ਬਾਣੀਆਂ | ੭੫-੦੦ ਮਹੀਨਾ |

ਨੋਟ—(੧) ਵਜ਼ੀਫ਼ਿਆਂ ਦੀ ਗਿਣਤੀ ਬਾਬਤ, ਹਰ ਭਾਗ ਵਿਚ ਮੌਕੇ ਤੇ ਬਿਨੈਕਾਰਾਂ ਦੀ ਗਿਣਤੀ ਮੁਤਾਬਕ ਫੈਸਲਾ ਕੀਤਾ ਜਾਵੇਗਾ।

(੨) ਧਾਰਮਿਕ ਸੰਸਥਾਵਾਂ (ਜਿਥੇ ਕਿ ਪਹਿਲਾਂ ਬੱਚੇ ਵਜ਼ੀਫ਼ੇ ਲੈ ਰਹੇ ਹਨ) ਵਿਚ ਸਿਖਲਾਈ ਲੈ ਰਹੇ ਬੱਚੇ ਇਸ ਮੁਕਾਬਲੇ ਵਿਚ ਭਾਗ ਲੈਣ ਦੇ ਹੱਕਦਾਰ ਨਹੀਂ ਸਮਝੇ ਜਾਣਗੇ।

**) ਪਾਠ ਉਤਸ਼ਾਹਤ ਸਕੀਮ ਲੁਧਿਆਣਾ—**

.) ਇਸ ਮੁਕਾਬਲੇ ਲਈ ਬਿਨੈਕਾਰ ਦੀ ਉਮਰ ੨੫ ਸਾਲ ਤੋਂ ਘਟ ਹੋਣੀ ਜ਼ਰੂਰੀ ਹੈ।

) ਮਾਇਆ ਖ਼ਾਤਰ ਪਾਠ ਨਾ ਕਰਨ ਦੇ ਵਚਨ-ਬਧ ਹੋਣਗੇ।

) ਇਨਾਮਾਂ ਦੀ ਵੰਡ ਬਾਰੇ ਮੌਕੇ ਤੇ ਫ਼ੈਸਲਾ ਕੀਤਾ ਜਾਵੇਗਾ।

**ਕੀਰਤਨ ਉਤਸ਼ਾਹਤ ਸਕੀਮ, ਅੰਮ੍ਰਿਤਸਰ—**

) ਉਮਰ ੨੦ ਸਾਲ ਤੋਂ ਘਟ ਹੋਣੀ ਜ਼ਰੂਰੀ ਹੈ।

ਆਸਾ ਦੀ ਵਾਰ ਛੱਕੇ ਛੰਤ ਅਤੇ ਘਟੋ ਘਟ ਇਕ ਸ਼ਬਦ ਹਰ ਛੱਕੇ ਨਾਲ ਮਿਲਦਾ ਜ਼ਬਾਨੀ ਯਾਦ ਹੋਣਾ ਚਾਹੀਦਾ ਹੈ ਅਤੇ ਸੁਰ-ਤਾਲ ਵਿਚ ਕੀਰਤਨ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

ਹਰ ਸਾਲ ਨਵੇਂ ਬਿਨੈਕਾਰ ਭਾਗ ਲੈ ਸਕਣਗੇ।

ਪਾਸ ਹੋਏ ਹਰੇਕ ਬਿਨੈਕਾਰ ਨੂੰ ੫੦੦-੦੦ ਇਨਾਮ ਦਿਤਾ ਜਾਏਗਾ।

ਉਪਰੋਕਤ ਤਿੰਨਾਂ ਸਕੀਮਾਂ ਵਿਚ ਬਿਨੈਕਾਰ ਅੰਮ੍ਰਿਤਧਾਰੀ ਤੇ ਪੰਜ-ਕਕਾਰੀ ਰਹਿਤ ਬਹਿਤ ਵਿਚ ਪੱਕੇ ਹੋਣੇ ਲਾਜ਼ਮੀ ਹਨ।

ਪਾਠ-ਉਤਸ਼ਾਹਤ ਸਕੀਮ ਵਿਚ ਭਾਗ ਲੈਣ ਵਾਲੇ ਬੱਚਿਆਂ ਦੀ ਅਗਵਾਈ ਲਈ ਸ਼ਬਦ-ਨਿਖੇੜ ਟ੍ਰੈਕਟ ਟ੍ਰਸਟ ਵਲੋਂ ਪਵਾ ਕੇ ਵੰਡਿਆ ਜਾਵੇ।

www.AKJ.Org

# ਸ਼ਹੀਦੀ ਤੇ ਪੀੜਤ-ਪਰਵਾਰ ਫ਼ੰਡ

ਦਿਲੀ, ਕਾਨ੍ਹਪੁਰ, ਸ੍ਰੀ ਅੰਮ੍ਰਿਤਸਰ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਹੋਏ ਕਤਲੇ-ਆਮ ਵ੍ਹਿਚ ਅਨੇਕਾਂ ਬੀਬੀਆਂ ਵਿਧਵਾ ਤੇ ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਅਖੰਡ ਕੀਰਤਨੀ ਜਥੇ ਨੂੰ ਭੇਜੀ ਜਾ ਰਹੀ ਸਹਾਇਤਾ ਲਈ ਭੇਜੇ ਜਾ ਰਹੇ ਬੈਂਕ-ਡਰਾਫਟਾਂ ਜਾਂ ਚੈਕਾਂ ਉਪਰ ਕੇਵਲ "ਅਖੰਡ ਕੀਰਤਨੀ ਜਥਾ ਅੰਮ੍ਰਿਤਸਰ" ਲਿਖਣਾ ਹੀ ਕਾਫ਼ੀ ਹੈ। ਬੀਤੇ ਮਹੀਨੇ ਪੁਜੀ ਸਹਾਇਤਾ ਦਾ ਵੇਰਵਾ ਇਉਂ ਹੈ—

| | |
|---|---|
| ਸ: ਨਿਰੰਤਰ ਸਿੰਘ ਅੰਬਾਲਾ ਛਾਉਣੀ | ੧000-00 |
| ਭਾ: ਗੁਰਦਿਆਲ ਸਿੰਘ, ਜੌੜਾ ਫਾਟਕ ਅੰਮ੍ਰਿਤਸਰ | ੩0-00 |
| ਭਾ: ਸਰਦਾਰਾ ਸਿੰਘ, ਰੋਡਵੇਜ਼ ਕਾਲੋਨੀ ਅੰਮ੍ਰਿਤਸਰ | ੫੧-00 |
| J.W.O. ਦੀਦਾਰ ਸਿੰਘ, ਮਦਰਾਸ | ੩00-00 |
| ਸ: ਪਰਤਾਪ ਸਿੰਘ, ਸ਼ਿਵ ਨਗਰ ਨਵੀਂ ਦਿਲੀ | ੧੫੧-00 |
| ਗਿ: ਸੁੰਦਰ ਸਿੰਘ ਸਾਗਰ, ਮਾਨਚੈਸਟਰ ਯੂ.ਕੇ. | ੨੮੨-੩0 |
| ਐਚ. ਐਸ. ਤੇਜਾ, ਵੈਨਕੋਵਰ, ਕੈਨੇਡਾ | ੧੯੯0-00 |
| ਸ: ਸੁਖਦੇਵ ਸਿੰਘ, ਬੰਬੇ | ੫0-00 |
| ਸ: ਨਰਿੰਦਰ ਸਿੰਘ ਫੂਲ, ਮੇਰਠ | ੨੫0-00 |
| ਸੰਤੋਖ ਸਿੰਘ, ਗੁਜਰਾਤੀ ਏਜੰਸੀ ਮੇਰਠ | ੧੧00-00 |
| ਤ ਧਨਬਾਦ | ੫00-00 |
| ਪ੍ਰਿਤਪਾਲ ਸਿੰਘ ਆਦਮਪੁਰ ਜਲੰਧਰ | ੨੫੧-00 |
| ਚਰਨ ਸਿੰਘ ਸਿਧਵਾਂ ਦੋਨਾ, ਕਪੂਰਥਲਾ | ੫0-00 |
| ਈ ਸੰਤੋਖ ਸਿੰਘ ਕਲਕੱਤਾ | ੩੧00-00 |
| ਗੁਰਚਰਨ ਸਿੰਘ ਬਲਦੇਵ ਸਿੰਘ ਦੁਰਗ M.P. | ੨0੧-00 |
| ਈ ਤ੍ਰਿਲੋਚਨ ਸਿੰਘ ਧਨਬਾਦ | ੪੬੯-00 |
| ਤ ਸਿੰਘ ਜੀ | ੫0-00 |
| ਤੀ ਅੰਮ੍ਰਿਤ ਕੌਰ ਮਦਾਨ, ਦਿਲੀ | ੪00-00 |
| ਬਲਬੀਰ ਸਿੰਘ ਸਿਵੀਆ, ਮੋਗਾ | ੫00-00 |
| ਪ੍ਰਭਜੋਤ ਸਿੰਘ ਖਾਲਸਾ ਨੰਗਲ ਟਾਊਨਸ਼ਿਪ | ੧੨੫-00 |
| ਬਲਜੀਤ ਸਿੰਘ Crowley U.K. | ੧੩੯੪-00 |
| ਮਨੋਹਰ ਸਿੰਘ ਰੀਹਲ ਬਰਮਿੰਘਮ ,, | ੭੪-੭0 |
| ਬਲਬੀਰ ਕੌਰ ਸ: ਸੁਰਿੰਦਰ ਸਿੰਘ ਰੈਡਿੰਗ ,, | ੬੧੧-੪੫ |
| ਪਰਤਾਪ ਸਿੰਘ, ਸ਼ਾਹ ਪੁਰੀ ਮੇਰਠ ਛਾ: | ੫00-00 |
| ਪ੍ਰਮਜੀਤ ਕੌਰ ਸੁਪਤਨੀ ਸ਼ਹੀਦ ਗੁਰਚਰਨਜੀਤ ਸਿੰਘ ਕਾਨ੍ਹਪੁਰ | ੨੫0-00 |
| ਸੰਤੋਖ ਸਿੰਘ, ਕਾਲਕਾ ਜੀ, ਨਵੀਂ ਦਿਲੀ | ੫00-00 |
| ਕਿਕਰ ਸਿੰਘ ਜੀ | ੨੫-00 |
| ਬਲਵੰਤ ਸਿੰਘ ਖਾਲਸਾ ਫਿਰੋਜ਼ਪੁਰ | ੨00-00 |
| ਅਮਰਜੀਤ ਸਿੰਘ ਬਟਾਲਾ | ੧00-00 |
| | ੨00-00 |
| ਹਣ ਸਿੰਘ, ਸਫ਼ਦਰਜੰਗ ਦਿਲੀ | ੧0੧-00 |
| ਇੰਦਰ ਸਿੰਘ ਇਕਬਾਲ ਸਿੰਘ | ੫-00 |
| ਹਰਚਰਨ ਸਿੰਘ ਮੁਕਤਸਰ | ੧੫0-00 |
| ਜਦੀਸ਼ ਸਿੰਘ ਨਵੀਂ ਦਿਲੀ | ੫0-00 |
| | ੨00-00 |

| | |
|---|---|
| ਸ: ਤਾਰਾ ਸਿੰਘ, ਪਟਿਆਲਾ | ੨੫੧-00 |
| ਬੀਬੀ ਸਰਬਜੀਤ ਕੌਰ ਅੰਬਾਲਾ ਛਾ: | ੩00-00 |
| ਕਾਕਾ ਦਲਜੀਤ ਸਿੰਘ ਅੰਬਾਲਾ ਛਾ: | ੨00-00 |
| ਬੀਬੀ ਦਵਿੰਦਰ ਕੌਰ ਅੰਬਾਲਾ ਛਾ: | ੧00-00 |
| ਭਾਈ ਬਲਵੰਤ ਸਿੰਘ ਬਠਿੰਡਾ | ੨00-00 |
| ਭਾਈ ਧਰਮ ਸਿੰਘ ਡੀਂਗਰੀਆਂ ਜਲੰਧਰ | ੫੧-00 |
| ਮਾ: ਤਾਰਾ ਸਿੰਘ ਆਰ ਐਸ ਪੁਰਾ ਜੰਮੂ | ੨0-00 |
| ਗੁਪਤ, c/o ਭਾਈ ਸ਼ਾਮ ਸਿੰਘ | ੫00-00 |
| ਸ: ਨਰਿੰਦਰ ਸਿੰਘ ਐਚ ਐਮ ਡੀ ਪੰਜਾਬ | ੫0-00 |
| ਗਿ: ਜਗਜੀਤ ਸਿੰਘ, ਪਾਵਰ ਕਾਲੋਨੀ ਪਠਾਨਕੋਟ | ੧00- 0 |
| ਭਾਈ ਕਰਮ ਸਿੰਘ ਘਰਿੰਡਾ | ੧00-00 |
| ਸ: ਗਜਿੰਦਰ ਸਿੰਘ, ਚੰਡੀਗੜ੍ਹ | ੨੫0-00 |
| ਗੁਪਤ ਲੋਧੀ ਕਾਲੋਨੀ ਦਿਲੀ | ੪00-00 |
| ਸ: ਕਿਰਪਾਲ ਸਿੰਘ ਨੰਬਰਦਾਰ ਮਲ ਮਾਂਜਰਾ | ੫੧-00 |
| ਸ: ਅਜੀਤ ਸਿੰਘ ਡਰਬੀ ਯੂ. ਕੇ. | ੧੫੭-੩0 |
| ,, ,, ,, ਗੁਰੂ ਕੀ ਗੋਲਕ ,, | ੧੫੭-੩0 |
| ,, ,, ,, ਮਾਤਾ ਪਿਤਾ ਦੇ ਅਕਾਲ ਚਲਾਣੇ ਸਮੇਂ ਭੋਗ ਦਾ ਚੜ੍ਹਾਵਾ | ੭੧੫-0 |
| ਸ: ਸੁਲੱਖਣ ਸਿੰਘ ਡਰਬੀ ਯੂ. ਕੇ. ਨਵੇਂ ਘਰ ਸਮਾਗਮ ਦਾ ਚੜ੍ਹਾਵਾ | ੬੮੬-੪0 |
| ਬੀਬੀ ਕਿਰਪਾਲ ਕੌਰ ਡਰਬੀ ਯੂ. ਕੇ. | ੧੪੩-00 |
| ਬੀਬੀ ਬਲਬੀਰ ਕੌਰ ਡਰਬੀ ,, | ੧੪੩-00 |
| ਬੀਬੀ ਸੁਰਿੰਦਰ ਕੌਰ ,, ,, | ੭੧-੫0 |
| ਸ: ਮੇਜਰ ਸਿੰਘ ,, ,, | ੧੪੩-00 |
| ਸ: ਕਰਨੈਲ ਸਿੰਘ ,, ,, | ੧੪੩-00 |
| ਸ: ਕੁਲਦੀਪ ਸਿੰਘ ,, ,, | ੧੪੩-00 |
| ਸ: ਹਰਜਿੰਦਰ ਸਿੰਘ ,, ,, | ੭੧-੫0 |
| ਸ: ਸੁਰਜੀਤ ਸਿੰਘ ਅਟਵਾਲ ,, ,, | ੧੪੩-00 |
| ਬੀਬੀ ਹਰਭਜਨ ਕੌਰ ,, ,, | ੨੮੬-00 |
| ਸ: ਅਮਰਜੀਤ ਸਿੰਘ ,, ,, | ੧੪੩-00 |
| ਬੀਬੀ ਹਰਦੀਸ਼ ਕੌਰ ,, ,, | ੭੧-੫0 |
| ਬੀਬੀ ਸੁਖਜਿੰਦਰ ਕੌਰ ,, ,, | ੭੧-੫0 |
| ਸ. ਬਲਬੀਰ ਸਿੰਘ ਚੰਦਰਾਪੁਰ (ਚੈਕ ਕੈਸ਼ ਹੋ ਕੇ) | ੧੮੭-00 |
| ਭਾਈ ਕੁਲਦੀਪ ਸਿੰਘ ਨੇਵੀ ਬੰਬੇ | ੧00-00 |
| ਸ: ਪਰਦੁਮਨ ਸਿੰਘ ਸ਼ਿਵ ਨਗਰ ਜਲੰਧਰ | ੨੫0-00 |
| ਸ੍ਰੀਮਤੀ ਬੀਰ ਸਿੰਘ ਗਿਲ | ੧0-00 |



www.AKJ.Org

| | |
|---|---|
| ਪੂਰਨ ਜੀ ਦੇ ਗ੍ਰਹਿ ਅੰਮ੍ਰਿਤਸਰ,ਸਮਾਗਮ ਸਮੇਂ | ੩੨੫-੦੦ |
| ਬੀਬੀ ਜੋਗਿੰਦਰ ਕੌਰ ਕਲੇਰ | ੪੫,੦੦੦-੦੦ |
| ਸ: ਦੇਵ ਸਿੰਘ ਬੈਂਸ ਪ੍ਰਿੰਸ ਜਾਰਜ ਕੈਨੇਡਾ | ੩੦੦-੦੦ |
| W.O. ਗੁਰਮੇਲ ਸਿੰਘ ਆਗਰਾ | ੪੫੦-੦੦ |
| ਸ: ਅਵਤਾਰ ਸਿੰਘ ਬਹਿਰੀਨ (ਏ. ਜੀ) | ੬੦੦-੦੦ |
| ਜਥੇਦਾਰ ਭਾਈ ਰਾਮ ਸਿੰਘ ਜੀ ਅੰਮ੍ਰਿਤਸਰ | ੧੦੦-੦੦ |
| ਸ: ਹਰਬੰਸ ਸਿੰਘ ਮਿਸ਼ਰੀ ਵਾਲੇ, ਅੰਮ੍ਰਿਤਸਰ | ੫੧-੦੦ |
| ਸੰਗਤ ਸ੍ਰੀ ਪਟਨਾ ਸਾਹਿਬ | ੧੧੦੦-੦੦ |
| ਸ਼ਹੀਦ ਮਹਿੰਦਰ ਸਿੰਘ ਪ੍ਰਦੇਸੀ ਅੰਮ੍ਰਿ: ਦੇ ਭੋਗ ਸਮੇਂ | ੯੭-੦੦ |
| ਸ: ਕੁਲਜੀਤ ਸਿੰਘ ਸੈਣੀ, ਬੜੋਦਾ | ੫੧-੦੦ |
| ਗੁਰੂ ਕੀ ਗੋਲਕ, ਹਾਪੜ (ਯੂ. ਪੀ.) | ੧੦੧-੦੦ |
| ਸ: ਹਰਜੀਤ ਸਿੰਘ, ਗਲਡਨ ਸਟੋਰ, ਹਾਪੜ | ੬੧-੦੦ |
| ਜੋੜ | ੬੯,੮੫੬-੫੫ |
| ਪਿਛਲੇ ਮਹੀਨੇ ਦਾ ਜੋੜ | ੧,੨੩,੨੦੬—੦੧ |
| ਅੱਜ ੨੫-੪-੮੫ ਤਕ ਕੁਲ ਜੋੜ | ੧,੯੩,੦੬੨—੫੬ |

ਖਾਲਸਾ ਜੀ ਦਾ ਸੇਵਕ : ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

## ਪੀੜਤ ਪਰਵਾਰਾਂ ਨੂੰ ਸਹਾਇਤਾ

| | |
|---|---|
| ਪਿਛਲੇ ਮਹੀਨੇ ਦੇ ਵੇਰਵੇ ਅਨਸਾਰ ਸਹਾਇਤਾ | ੧,੧੧,੫੬੨-੨੮ |
| ਉਪਰੋਕਤ ਵਿਚੋਂ ਨਹੀਂ ਦਿਤੀ ਗਈ | ੧੦,੦੦੦-੦੦ |
| ਦਿਤੀ ਜਾ ਚੁਕੀ ਸਹਾਇਤਾ | ੧,੦੧,੫੬੨-੨੮ |

ਇਸ ਮਹੀਨੇ ਦਿਤੀ ਜਾ ਰਹੀ ਸਹਾਇਤਾ ਦਾ ਫ਼ੈਸਲਾ ਛੇਤੀ ਕੀਤਾ ਜਾ ਰਿਹਾ ਹੈ, ਜਿਸ ਦਾ ਵੇਰਵਾ ਆਉਂਦੇ ਪਰਚੇ ਵਿਚ ਛਪ ਸਕੇਗਾ ।

**ਨੋਟ**—ਪਿਛਲੇ ਅਪ੍ਰੈਲ 1985 ਦੇ 'ਸੂਰਾ' ਪਰਚੇ ਵਿਚ ਪੀੜਤ ਪਰਵਾਰਾਂ ਨੂੰ ਸਹਾਇਤਾ ਦੇ ਸਿਰਲੇਖ ਹੇਠ ਬੀਬੀ ਜਸਬੀਰ ਕੌਰ ਸੁਪਤਨੀ ਭਾਈ ਸਤਵੰਤ ਸਿੰਘ ਫੌਜੀ ਦੇ ਨਾਮ ਦਸ ਹਜ਼ਾਰ ਰੁਪਿਆ ਦੇਣਾ ਅਲਾਟ ਕੀਤਾ ਗਿਆ ਸੀ । ਪਰਚਾ ਛਪ ਜਾਣ ਦੇ ਪਿਛੋਂ ਪਤਾ ਲਗਾ ਹੈ ਕਿ ਇਸ ਬੀਬੀ ਨੂੰ ਕਾਫ਼ੀ ਵਸੀਲਿਆਂ ਵਲੋਂ ਸਹਾਇਤਾ ਹੋ ਚੁਕੀ ਹੈ, ਇਸ ਲਈ ਉਸ ਨੂੰ ਇਸ ਰਕਮ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ।

# ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਬਕਾਏ ਛੇਤੀ ਭੇਜਣ

ਫ਼ਰਵਰੀ 1984 ਤੋਂ ਪਰਦੇਸਾਂ ਲਈ ਡਾਕ ਖ਼ਰਚ ਬਹੁਤੇ ਵਧ ਜਾਣ ਕਰਕੇ 'ਸੂਰਾ' ਮਾਸਕ ਪੱਤਰ ਦੇ ਚੰਦੇ ਵਧਾਏ ਗਏ । ਪਰਦੇਸੀ ਅਮਾਨਤੀ ਲਾਈਫ਼ ਮੈਂਬਰਾਂ ਦੀਆਂ ਰਕਮਾਂ ਦੇ ਸੂਦ ਨਾਲ ਚੰਦੇ ਪੂਰੇ ਕੀਤੇ ਜਾਂਦੇ ਹਨ । ਸੋ ਜਿਨ੍ਹਾਂ ਨੇ ਅਜੇ ਤਕ ਬਕਾਏ ਨਹੀਂ ਭੇਜੇ ਉਹ ਹੇਠ ਲਿਖੇ ਅਨੁਸਾਰ ਆਪਣੇ ਬਕਾਏ ਛੇਤੀ ਭੇਜਣ, ਤਾਕਿ ਉਨ੍ਹਾਂ ਦੇ ਚੰਦੇ ਪੂਰੇ ਵਸੂਲ ਕੀਤੇ ਜਾ ਸਕਣ—

| ਹਵਾਈ ਡਾਕ | ਪਹਿਲਾਚੰਦਾ | ਹੁਣ ਦਾ ਚੰਦਾ | ਪਹਿਲਾਂਪੁਜੀਰਕਮ | ਹੁਣਚਾਹੀਦੀਰਕਮ | ਬਾਕੀ ਭੇਜਣੀ ਹੈ |
|---|---|---|---|---|---|
| ਅਮਰੀਕਾ, ਕੈਨੇਡਾ | 70–00 | 90–00 | 750–00 | 900–00 | 150–00 |
| ਯੂ.ਕੇ. ਅਫ਼ਰੀਕਾ | 60–00 | 75–00 | 650–00 | 750–00 | 100–00 |
| ਅਰਬ,ਮਲਾਇਆ | 45–00 | 55–00 | 500–00 | 550–00 | 50–00 |
| **ਸਮੁੰਦਰੀ ਡਾਕ ਸਾਰੇ ਦੇਸ** | 30–00 | 35–00 | 250–00 | 350–00 | 100–00 |

# ਸ਼ਿਵ ਸੈਨਾ ਇਕ ਲੱਖ ਤ੍ਰਿ-ਸ਼ੂਲ ਵੰਡੇਗੀ

ਜਲੰਧਰ, 25 ਅਪ੍ਰੈਲ—(ਸ.ਰ,) ਹਿੰਦੂ ਸ਼ਿਵ ਸੈਨਾ ਨੇ ਦੋਸ਼ ਲਾਇਆ ਹੈ ਕਿ ਕੇਂਦਰ ਜਾਣ-ਬੁਝ ਕੇ ਪੰਜਾਬ ਦਾ ਮਸਲਾ ਲਟਕਾ ਰਿਹਾ ਹੈ । ਸੈਨਾ ਦੇ ਪ੍ਰਧਾਨ ਜਗਦੀਸ਼ ਤਾਂਗੜੀ ਨੇ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਿੰਦੂ ਸ਼ਿਵ ਸੈਨਾ ਇਕ ਲੱਖ ਸਵੈਇਛਕ ਸੈਨਕ ਭਰਤੀ ਕਰੇਗੀ ਜਿਸ ਵਿਚੋਂ 60 ਹਜ਼ਾਰ ਭਰਤੀ ਕਰਕੇ ਉਹਨਾਂ ਨੂੰ 'ਧਾਰਮਿਕ ਚਿੰਨ੍ਹ' ਤ੍ਰਿ-ਸ਼ੂਲ ਵੰਡ ਦਿਤੇ ਗਏ ਹਨ । ਉਹਨਾਂ ਕਿਹਾ ਕਿ ਤ੍ਰਿ-ਸ਼ੂਲ ਦੇ ਗਾਤਰੇ ਕੇਸਰੀ ਰੰਗ ਦੇ ਹੋਣਗੇ । ਉਹਨਾਂ ਇਹ ਵੀ ਮੰਗ ਕੀਤੀ ਕਿ ਪੰਜਾਬ ਮਸਲੇ ਦੇ ਹੱਲ ਲਈ ਬਣਾਈ ਜਾਣ ਵਾਲੀ ਕਮੇਟੀ ਵਿਚ ਸ਼ਿਵ ਸੈਨਾ ਦੇ ਪ੍ਰਤੀਨਿਧ ਵੀ ਲਏ ਜਾਣ ।

—ਅਜੀਤ, 26-4-85



www.AKJ.Org

## ਜਲੰਧਰ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਸੁਪਤਨੀ ਸ: ਸੰਤ ਸਿੰਘ ਜੀ ਤੇ ਦਾਸ ਦੀ ਮਾਤਾ ਦੀ ਪਹਿਲੀ ਸਲਾਨਾ ਯਾਦ ਵਿਚ ੧੯ ਮਈ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਤ੍ਰਿਲੋਕ ਸਿੰਘ ਈ. ਕੇ. ੧੭੨ ਪੰਜ ਪੀਰ, ਜਲੰਧਰ

## ਪਿੰਡ ਰੰਗੂਵਾਲ (ਜ਼ਿਲਾ ਲੁਧਿਆਣਾ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਕਰਤਾਰ ਸਿੰਘ ਸਪੁਤਰ ਭਾਈ ਕੇਹਰ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ੧੨ ਮਈ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਆਇ ਦੀਦਾਰ ਬਖ਼ਸ਼ੋ ਜੀ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਘਲੂਘਾਰੇ ਸ਼ਹੀਦਾਂ ਪ੍ਰਥਾਇ ਗੁਰੂ ਨਾਨਕ ਗੁਰਦੁਆਰਾ, 5 ਨਿਊਵਾਕ, ਲਾਇਸੈਸਟਰ ਵਿਖੇ 6-6-85 ਨੂੰ ਦੁਪਹਿਰ ਪਿਛੋਂ ਸ੍ਰੀ ਅਖੰਡਪਾਠ ਪ੍ਰਾਰੰਭ ਹੋਣਗੇ ਅਤੇ 8-6-85 ਸ਼ਾਮ ਨੂੰ ਭੋਗ ਪੈ ਕੇ ਰੈਣ ਸਬਾਈ ਕੀਰਤਨ ਸ਼ੁਰੂ ਹੋਣਗੇ। ਐਤਵਾਰ 9 ਜੂਨ ਨੂੰ ਸਵੇਰੇ ਸਮਾਪਤੀ ਹੋਵੇਗੀ। ਇਸ ਅਖੰਡਪਾਠ ਤੇ ਰੈਣ ਸਬਾਈ ਕੀਰਤਨ ਸਮਾਗਮ ਦੀ ਸਾਰੀ ਸੇਵਾ ਭਾਈ ਮਹਿੰਦਰ ਸਿੰਘ ਜੀ 'ਬਾਹੀਆਂ' ਵਲੋਂ ਹੋ ਰਹੀ ਹੈ। ਪਛ ਗਿਛ ਲਈ ਗੁਰਦੁਆਰਾ ਫ਼ੋਨ 0533-540101, ਭਾਈ ਜੋਗਿੰਦਰ ਸਿੰਘ ਫ਼ੋਨ 0533-764179, ਭਾਈ ਮਹਿੰਦਰ ਸਿੰਘ ਬਾਹੀਆਂ ਫ਼ੋਨ 0533-552932.

## ਹੁਸ਼ਿਆਰਪੁਰ ਦੇ ਪਿੰਡਾਂ ਵਿਖੇ ਅਖੰਡ ਕੀਰਤਨ ਪ੍ਰੋਗਰਾਮ

ਭਾਈ ਅਵਤਾਰ ਸਿੰਘ ਸੂਚਨਾ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਵਲੋਂ ੫ ਮਈ ਨੂੰ ਪਿੰਡ ਬੁਲੋਂਵਾਲ ਵਿਖੇ, ੧੨ ਮਈ ਨੂੰ ਮੰਨਾਕਲਾਂ ਵਿਖੇ, ੧੯ ਮਈ ਨੂੰ ਹਰਿਆਣਾ ਪਿੰਡ ਵਿਖੇ ਰਾਤ ੭ ਤੋਂ ੧੦ ਤਕ ਅਖੰਡ ਕੀਰਤਨ ਹੋਣਗੇ ਅਤੇ ਪ੍ਰੋਗਰਾਮ ਵਾਲੇ ਦਿਨਾਂ ਨੂੰ ਬਸ ਸਟੈਂਡ ਦੇ ਨੇੜੇ ਸ਼ਾਮ ਨੂੰ ੬ ਵਜੇ ਸੰਗਤਾਂ ਨੂੰ ਲਿਜਾਣ ਲਈ ਟੈਂਪੂ ਦਾ ਪਰਬੰਧ ਹੋਵੇਗਾ। ਹਾਜ਼ਰੀਆਂ ਭਰੋ ਤੇ ਲਾਹੇ ਪ੍ਰਾਪਤ ਕਰੋ ਜੀ।

## ਪਿੰਡ ਭਕੋ ਮਾਜਰਾ (ਰੋਪੜ) ਵਿਖੇ ਦੋ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਸੂਬੇਦਾਰ ਪਿਆਰਾ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਭਕੋਮਾਜਰਾ ਵਿਖੇ ਪਹਿਲੇ ਸ੍ਰੀ ਅਖੰਡਪਾਠ ਦਾ ਭੋਗ ੧੭-੫-੮੫ ਨੂੰ ਪਵੇਗਾ ਅਤੇ ਦੂਸਰੇ ਸ੍ਰੀ ਅਖੰਡਪਾਠ ਦਾ ਭੋਗ ੧੯ ਮਈ ਐਤਵਾਰ ਸਵੇਰੇ ਪਵੇਗਾ। ਉਪਰੰਤ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ। ਦਰਸ਼ਨ ਦੇ ਕੇ ਰਸ ਮਾਣੋ ਜੀ।

## ਪਿੰਡ ਮਿਆਣੀ (ਨੇੜੇ ਉੜਮੁੜ ਟਾਂਡਾ-ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਗੌਰਮਿੰਟ ਹਾਈ ਸਕੂਲ ਨੇੜੇ ਦਾਸਾਂ ਦੇ ਨਵੇਂ ਬਣੇ ਗ੍ਰਹਿ ਵਿਖੇ ੧ ਜੂਨ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ। ਦਾਸਰੇ ਜੋਗਿੰਦਰ ਸਿੰਘ ਜਗਜੀਤ ਸਿੰਘ ਪਿੰਡ ਮਿਆਣੀ

## ਪਿੰਡ ਖਟੜੇ ਵਿਖੇ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ਭਾਈ ਸਿਕੰਦਰ ਸਿੰਘ ਦੇ ਗ੍ਰਹਿ ਪਿੰਡ ਖਟੜੇ ਵਿਚ ੧੧ ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

**ਵਿਸਾਖੀ ਸਮਾਗਮ ੧੯੮੫ ਅੰਮ੍ਰਿਤਸਰ**—ਭੁਲੇਖੇ ਨਾਲ ਕੁਝ ਪ੍ਰੇਮੀਆਂ ਦੀਆਂ ਪੁਰਾਣੀਆਂ ਚਪਲਾਂ ਇਥੇ ਰਹਿ ਗਈਆਂ ਹਨ ਤੇ ਨਵੇਂ ਜੋੜੇ ਚਪਲਾਂ ਦੇ ਚਲੇ ਗਏ ਹਨ, ਇਕ ਡਬੀਆਂ ਵਾਲਾ ਖੇਸ ਅਤੇ ਦਿਲੀ ਦੇ ਇਕ ਵੀਰ ਦੀ ਕੋਕਾ ਕੋਲਾ ਰੰਗ ਦੀ ਪੈਂਟ ਚਲੀ ਗਈ ਹੈ। ਭੁਲੇਖੇ ਦਾ ਪਤਾ ਲਗ ਜਾਏ ਤਾਂ ਸਾਨੂੰ ਇਤਲਾਹ ਦਿਓ ਤਾਕਿ ਸੰਬੰਧਤ ਸਜਣਾਂ ਨੂੰ ਚੀਜ਼ਾਂ ਪਹੁੰਚਾਈਆਂ ਜਾਣ। ਕਿਸੇ ਸਜਣ ਦਾ ਇਕ ਗੁਟਕਾ ਨਿਤਨੇਮ ਇਥੇ ਰਹਿ ਗਿਆ ਹੈ।

## ਯੂ. ਕੇ. ਦੇ ਖ਼ਤਮ ਚੰਦੇ ਅਤੇ ਅਮਾਨਤੀ ਲਾਈਫ਼ ਮੈਂਬਰਾਂ ਦੀ ਬਾਕੀ ਯੂ. ਕੇ. ਵਿਚ ਜਮਾ ਕਰਾਓ ਜੀ

ਯੂ. ਕੇ. ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਪੁਜ ਚੁਕੀ ਹੈ, ਆਪਣੇ ਚੰਦੇ ਯੂ. ਕੇ. ਵਿਚ ਜਮ੍ਹਾਂ ਕਰਵਾ ਦੇਣ ਅਤੇ ਡਾਕ ਦੇ ਵਧੇ ਰੇਟਾਂ ਕਰਕੇ ਚੰਦਿਆਂ ਵਿਚ ਵਾਧਾ ਹੋਣ ਨਾਲ ਅਮਾਨਤੀ ਲਾਈਫ ਮੈਂਬਰਾਂ ਨੇ ਵੀ ਸੌ ਸੌ ਰੁਪਏ ਹੋਰ ਦੇਣੇ ਹਨ, ਇਹ ਰਕਮਾਂ S. Gurnam Singh, 10-Lambourne Grnds, Early Reading, Berks ਪਾਸ ਜਮ੍ਹਾਂ ਕਰਾਓ ਜੀ।

www.AKJ.Org

# ਹੁਸ਼ਿਆਰਪੁਰ ਸਾਲਾਨਾ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ੨੧ ਮਈ ਮੰਗਲਵਾਰ ਸਵੇਰ ਤੋਂ ੨੬ ਮਈ ੧੯੮੫ ਐਤਵਾਰ ਸਵੇਰ ਤਕ

ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁ: ਕਲਗੀਧਰ ਚਰਨ ਪਾਵਨ ਮਾਡਲ ਟਾਊਨ (ਰੋਸ਼ਨ ਗਰਾਊਂਡ ਨੇੜੇ) ਹੁਸ਼ਿਆਰਪੁਰ ਵਿਖੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਸਮੂਹ ਗੁਰਮੁਖ ਪਿਆਰੇ ਆਇ ਦੀਦਾਰ ਬਖਸ਼ੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ।

੨੧ ਮਈ ਸਵੇਰੇ ੫-੩੦ ਤੋਂ ੭-੩੦ ਕੀਰਤਨ ਆਸਾ ਦੀ ਵਾਰ — ਗੁ: ਸ੍ਰੀ ਗੁਰੂ ਸਿੰਘ ਸਭਾ ਬਹਾਦਰ ਨਗਰ<br>
ਸ਼ਾਮ ੭-੩੦ ਤੋਂ ੯-੩੦ ਅਖੰਡ ਕੀਰਤਨ — ਗੁਰਦੁਆਰਾ ਰੇਲਵੇ ਮੰਡੀ

੨੨ ਮਈ ਸਵੇਰੇ ੫-੦੦ ਤੋਂ ੮-੦੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ — ਗੁ: ਕਲਗੀਧਰ ਚਰਨ ਪਾਵਨ<br>
ਸ਼ਾਮ ੭-੩੦ ਤੋਂ ੯-੩੦ ਅਖੰਡ ਕੀਰਤਨ — ਗ੍ਰਿਹ ਭਾਈ ਗੁਰਮੀਤ ਸਿੰਘ, ੧੦੬ ਐਲ, ਮਾਡਲ ਟਾਊਨ

੨੩ ਮਈ ਸਵੇਰੇ ੬-੦੦ ਤੋਂ ੧੨-੩੦ ਕੀਰਤਨ ਆਸਾ ਦੀ ਵਾਰ — ਗੁ: ਭਾਈ ਜੋਗਾ ਸਿੰਘ, ਮਹੱਲਾ ਸ਼ੇਖ਼ਾਂ<br>
ਸ਼ਾਮ ੭-੩੦ ਤੋਂ ੯-੦੦ ਅਖੰਡ ਕੀਰਤਨ — ਗੁਰਦੁਆਰਾ ਡੇਰਾ ਹਰੀਭਗਤਪੁਰਾ(ਮਿਠਾ ਟਿਵਾਣਾ)ਮਾਡਲ ਟਾਊਨ

੨੪ ਮਈ ਸਵੇਰੇ ੫-੩੦ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ — ਗੁ: ਕਲਗੀਧਰ ਚਰਨ ਪਾਵਨ<br>
ਸ਼ਾਮ ੭-੩੦ ਤੋਂ ੯-੩੦ ਅਖੰਡ ਕੀਰਤਨ — ਗ੍ਰਿਹ ਭਾਈ ਦਲਜੀਤ ਸਿੰਘ, ੧੦੭-ਆਰ, ਮਾਡਲ ਟਾਊਨ

੨੫ ਮਈ ਸਵੇਰੇ ੫-੦੦ ਤੋਂ ੧੨-੦੦ ਅਖੰਡ ਕੀਰਤਨ; ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਤੇ ੭-੩੦ ਵਜੇ ਰੈਣ ਸਬਾਈ ਅਰੰਭ<br>
ਸਮਾਪਤੀ ੨੬ ਮਈ ਸਵੇਰੇ ੭-੦੦ ਵਜੇ — ਗੁ: ਕਲਗੀਧਰ ਚਰਨ ਪਾਵਨ

ਨੋਟ—(੧) ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ। (੨) ਲੋੜ ਅਨੁਸਾਰ ਬਿਸਤਰੇ ਲੈ ਕੇ ਆਓ ਜੀ। (੩) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਨਾ ਭੇਜਣ। (੪) ਗੁ: ਕਲਗੀਧਰ ਚਰਨ ਪਾਵਨ ਬਸ ਸਟੈਂਡ ਤੋਂ ਡੇਢ ਫਰਲਾਂਗ ਹੈ

ਪੁਛ ਗਿਛ—ਭਾਈ ਅਵਤਾਰ ਸਿੰਘ, ੧੬੮ ਆਰ, ਮਾਡਲ ਟਾਊਨ, ਹੁਸ਼ਿਆਰਪੁਰ<br>
ਗੁਰੂ ਨਾਨਕ ਜਨਰਲ ਸਟੋਰ, ਸਾਹਮਣੇ ਬਸ ਸਟੈਂਡ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ<br>
ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਰਾਜਪੁਰਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਪਿਛਲੇ ਸਾਲ ਵਾਂਗ ਪੰਥ ਦੀ ਚੜ੍ਹਦੀ ਕਲਾ ਲਈ ਅਤੇ ਸ਼ਹੀਦਾਂ ਦੀ ਯਾਦ ਵਿਚ ੧੬ ਮਈ ਨੂੰ ਸਵੇਰੇ ੪ ਤੋਂ ੮ ਤਕ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰਦੁਆਰਾ ਮਹਿੰਦਰ ਗੰਜ (ਨੇੜੇ ਥਾਣਾ) ਰਾਜਪੁਰਾ ਅਤੇ ਸ਼ਾਮ ਨੂੰ ੭-੩੦ ਤੋਂ ੯-੩੦ ਤਕ ਕੀਰਤਨ ਗੁਰਦੁਆਰਾ ਆਹਲੂਵਾਲੀਆ, ਪੁਰਾਣਾ ਰਾਜਪੁਰਾ ਵਿਖੇ। ੧੭ ਮਈ ਸਵੇਰੇ ੫ ਤੋਂ ੮ ਤਕ ਕੀਰਤਨ ਆਸਾ ਦੀ ਵਾਰ ਗੁ: ਸਿੰਘ ਸਭਾ ਰਾਜਪੁਰਾ ਟਾਊਨ ਅਤੇ ਸ਼ਾਮ ੭-੩੦ ਤੋਂ ੯-੩੦ ਤਕ ਕੀਰਤਨ ਗੁ: ਨਵੀਨ ਸਿੰਘ ਸਭਾ ਬਸ ਸਟੈਂਡ ਰਾਜਪੁਰਾ ਵਿਖੇ। ੧੮ ਮਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੧ ਵਜੇ ਤਕ ਕੀਰਤਨ ਅਤੇ ਸ਼ਾਮ ਨੂੰ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਗੁਰਦੁਆਰਾ ਮਹਿੰਦਰ ਗੰਜ ਵਿਖੇ, ਅੰਮ੍ਰਿਤ ਸਿੰਚਾਰ ਵੀ ਹੋਵੇਗਾ।

ਦਰਸ਼ਨ ਅਭਿਲਾਖੀ—ਸੰਗਤ ਰਾਜਪੁਰਾ ਅਤੇ ਅਖੰਡ ਕੀਰਤਨੀ ਜਥਾ ਰਾਜਪੁਰਾ

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ—ਤਰੀਕਾਂ ਦੀ ਬਦਲੀ

ਸ: ਪ੍ਰਿਤਪਾਲ ਸਿੰਘ ੨੫੧੮-੨੨-ਸੀ ਚੰਡੀਗੜ੍ਹ ਬੇਨਤੀ ਕਰਦੇ ਹਨ ਕਿ ੫ ਮਈ ਨੂੰ ਕੁਮਾਰ ਹੱਟੀ ਵਿਚ ਸਾਲਾਨਾ ਪ੍ਰੋਗਰਾਮ ਹੋਣ ਕਰਕੇ ਹੁਣ ਉਨ੍ਹਾਂ ਦੇ ਗ੍ਰਿਹ ਵਿਖੇ ਅਖੰਡਪਾਠ ਦੇ ਭੋਗ ਤੇ ਦੁਪਹਿਰ ਤਕ ਕੀਰਤਨ ੧੨ ਮਈ ਨੂੰ ਹੋਣਗੇ।

## ਬੁਲ੍ਹੋਵਾਲ (ਹੁਸ਼ਿਆਰਪੁਰ—ਟਾਂਡਾ ਰੋਡ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਮੋਹਨ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਸੁਪਤਨੀ ਦੀ ਯਾਦ ਵਿਖੇ ੧੯ ਮਈ ਐਤਵਾਰ ਸਵੇਰੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਤੇ ਦੁਪਹਿਰ ਤਕ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਡਾਲੋਮਾਜਰਾ (ਸਰਹੰਦ ਤੇ ਰਾਜਪੁਰਾ ਦੇ ਦਰਮਿਆਨ) ਵਿਖੇ ਅਖੰਡਪਾਠ ਤੇ ਰੈਣਸਬਾਈ ਕੀਰਤਨ

ਸੰਗਤ ਡਾਲੋ ਮਾਜਰਾ ਬੇਨਤੀ ਕਰਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਐਤਕੀ ੧ ਜੂਨ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ।

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

www.AKJ.Org